ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 4 ਸਤੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੦ ਭਾਦੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਪੰਜਾਬ ਦੇ 9 ਜ਼ਿਲ੍ਹਿਆਂ ’ਚ ਰੈੱਡ ਅਲਰਟ

# ਪੰਜਾਬ ਨੂੰ ਐਲਾਨਿਆ ਗਿਆ ਆਫ਼ਤ ਪ੍ਰਭਾਵਿਤ

**ਚੰਡੀਗੜ੍ਹ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਉੱਤਰੀ ਭਾਰਤ ਇਸ ਸਮੇਂ ਭਾਰੀ ਬਾਰਿਸ਼ ਅਤੇ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ, ਹਰਿਆਣਾ, ਹਿਮਾਚਲ, ਉਤਰਾਖੰਡ, ਉੱਤਰ ਪ੍ਰਦੇਸ਼, ਦਿੱਲੀ ਅਤੇ ਬਿਹਾਰ ਵਿੱਚ ਨਦੀਆਂ ਉਛਲ ਰਹੀਆਂ ਹਨ। ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਨੂੰ ਹੜ੍ਹ ਪ੍ਰਭਾਵਿਤ ਐਲਾਨਿਆ ਗਿਆ ਹੈ। ਦਿੱਲੀ ਵਿੱਚ, ਯਮੁਨਾ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਹੀ ਹੈ ਅਤੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਗਿਆ ਹੈ। ਪਹਾੜੀ ਰਾਜਾਂ ਵਿੱਚ ਜ਼ਮੀਨ ਖਿਸਕਣ ਕਾਰਨ ਸੈਂਕੜੇ ਸੜਕਾਂ ਬੰਦ ਹਨ। ਮੌਸਮ ਵਿਭਾਗ ਨੇ ਕਈ ਰਾਜਾਂ ਵਿੱਚ ਲਾਲ ਅਤੇ ਸੰਤਰੀ ਅਲਰਟ ਜਾਰੀ ਕੀਤੇ ਹਨ। ਉੱਤਰੀ ਭਾਰਤ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਨੇ ਤਬਾਹੀ ਮਚਾ ਦਿੱਤੀ ਹੈ। ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼, ਉਤਰਾਖੰਡ, ਜੰਮੂ-ਕਸ਼ਮੀਰ, ਪੰਜਾਬ ਅਤੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਬਾਰਿਸ਼ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਨਦੀਆਂ ਉਫਾਨ ’ਤੇ ਹਨ, ਜਿਸ ਕਾਰਨ ਪੰਜਾਬ ਅਤੇ ਹਰਿਆਣਾ ਤੋਂ ਬਾਅਦ ਦਿੱਲੀ ਵਿੱਚ ਹੜ੍ਹ ਦਾ ਖ਼ਤਰਾ ਵੱਧ ਗਿਆ ਹੈ। ਇਨ੍ਹਾਂ ਹੀ ਨਹੀਂ ਪੰਜਾਬ ਦੇ 9 ਜ਼ਿਲ੍ਹਿਆਂ ’ਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਪੰਜਾਬ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਅਤੇ ਹੜ੍ਹਾਂ ਦੇ ਮੱਦੇਨਜ਼ਰ, ਸੂਬਾ ਸਰਕਾਰ ਨੇ ਪੂਰੇ ਪੰਜਾਬ ਨੂੰ ਆਫ਼ਤ ਪ੍ਰਭਾਵਿਤ ਐਲਾਨਿਆ ਹੈ। ਇਸ ਸਮੇਂ ਸੂਬੇ ਦੇ ਸਾਰੇ 23 ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿੱਚ ਹਨ ਅਤੇ 1200 ਤੋਂ ਵੱਧ ਪਿੰਡ ਪ੍ਰਭਾਵਿਤ ਹੋਏ ਹਨ। ਪੰਜਾਬ ਦੀ ਹਾਲਤ ਸਭ ਤੋਂ ਮਾੜੀ ਹੈ। ਹਿਮਾਚਲ ਤੋਂ ਆ ਰਿਹਾ ਪਾਣੀ ਘੱਟ ਨਹੀਂ ਰਿਹਾ। ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਨੂੰ ਹੜ੍ਹ ਪ੍ਰਭਾਵਿਤ ਐਲਾਨਿਆ ਗਿਆ ਹੈ। ਸਤਲੁਜ ਦਰਿਆ ਦੇ ਕੰਢੇ ਸਥਿਤ ਸੱਤ ਜ਼ਿਲ੍ਹਿਆਂ ਵਿੱਚ ਸਥਿਤੀ ਹੋਰ ਗੰਭੀਰ ਹੋ ਗਈ ਹੈ। ਭਾਖੜਾ ਡੈਮ ਦਾ ਪਾਣੀ ਦਾ ਪੱਧਰ 1677 ਫੁੱਟ ਤੱਕ ਪਹੁੰਚ ਗਿਆ ਹੈ, ਜੋ ਕਿ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ਼ ਤਿੰਨ ਫੁੱਟ ਹੇਠਾਂ ਹੈ। 1,400 ਪਿੰਡਾਂ ਵਿੱਚ 3.54 ਲੱਖ ਤੋਂ ਵੱਧ ਲੋਕ ਹੜ੍ਹ ਨਾਲ ਪ੍ਰਭਾਵਿਤ ਹਨ ਅਤੇ ਹੁਣ ਤੱਕ 30 ਲੋਕਾਂ ਦੀ ਮੌਤ ਹੋ ਚੁੱਕੀ ਹੈ।



## ਭਾਖੜਾ ਡੈਮ ਤੋਂ ਛੱਡਿਆ ਹੋਰ ਪਾਣੀ, ਰੋਪੜ ਵਿੱਚ ਫਸੇ ਕਈ ਲੋਕ, NDRF ਦੀਆਂ ਟੀਮਾਂ ਬੁਲਾਈਆਂ, ਵਿਗੜ ਰਹੀ ਹੈ ਸਥਿਤੀ

**ਚੰਡੀਗੜ੍ਹ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਬਾਰਸ਼ ਕਾਰਨ ਭਾਖੜਾ ਡੈਮ ਤੋਂ ਪਾਣੀ ਛੱਡਿਆ ਜਾ ਰਿਹਾ ਹੈ। ਪਾਣੀ ਦਾ ਵਹਾਅ 65,000 ਕਿਊਸਿਕ ਤੋਂ ਵਧਾ ਕੇ 75,000 ਕਿਊਸਿਕ ਕਰ ਦਿੱਤਾ ਗਿਆ ਹੈ। ਇਸ ਕਾਰਨ ਨੰਗਲ ਖੇਤਰ ਦੇ ਹਰਸਾ ਬੇਲਾ, ਬੇਲਾ ਰਾਮਗੜ੍ਹ, ਬੇਲਾ ਧਿਆਨੀ ਅੱਪਰ, ਬੇਲਾ ਧਿਆਨੀ ਲੋਅਰ, ਸੈਂਸੋਵਾਲ, ਐਲਗਰਾ, ਬੇਲਾ ਸ਼ਿਵ ਸਿੰਘ, ਭਲਾਣ, ਭਾਨਮ, ਸਿੰਘਪੁਰਾ, ਪਲਾਸੀ, ਤਰਫ ਮਜ਼ਾਰਾ ਤੇ ਮਜ਼ਾਰੀ ਪਿੰਡ ਪ੍ਰਭਾਵਿਤ ਹੋ ਸਕਦੇ ਹਨ। ਇਸ ਦੌਰਾਨ ਖ਼ਬਰ ਸਾਹਮਣੇ ਆਈ ਹੈ ਕਿ ਰੋਪੜ ਦੇ ਕ੍ਰੇਟਰਾ, ਲੋਅਰ ਧਿਆਨੀ ਅਤੇ ਬੇਲਾ ਪਿੰਡਾਂ ਵਿੱਚ ਪਾਣੀ ਭਰਨ ਕਾਰਨ ਕੁਝ ਲੋਕ ਫਸੇ ਹੋਏ ਹਨ। ਉਨ੍ਹਾਂ ਨੂੰ ਬਚਾਉਣ ਲਈ ਐਨਡੀਆਰਐਫ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪਹਿਲਾਂ ਲੋਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਪਰ ਉਹ ਆਪਣੇ ਘਰ ਛੱਡਣ ਲਈ ਤਿਆਰ ਨਹੀਂ ਸਨ। ਹੁਣ ਬਚਾਅ ਕਾਰਜ ਤੇਜ਼ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ ਖੇਤਰ ਦੇ ਬੁਰਜ, ਚਾਂਦਪੁਰ ਬੇਲਾ, ਗਜਪੁਰ ਬੇਲਾ, ਸ਼ਾਹਪੁਰ ਬੇਲਾ, ਨਿੱਕੂਵਾਲ, ਅਮਰਪੁਰ ਬੇਲਾ ਤੇ ਲੋਧੀਪੁਰ ਪਿੰਡਾਂ ਦੇ ਵਸਨੀਕਾਂ ਨੂੰ ਸੁਚੇਤ ਰਹਿਣ ਤੇ ਲੋੜ ਪੈਣ ’ਤੇ ਸੁਰੱਖਿਅਤ ਥਾਵਾਂ ’ਤੇ ਜਾਣ ਦੀ ਅਪੀਲ ਕੀਤੀ ਗਈ ਹੈ। ਪ੍ਰਸ਼ਾਸਨ ਨੇ ਰੂਪਨਗਰ ਤੇ ਸ੍ਰੀ ਚਮਕੌਰ ਸਾਹਿਬ ਖੇਤਰ ਵਿੱਚ ਸਤਲੁਜ ਦਰਿਆ ਦੇ ਕੰਢੇ ਸਥਿਤ ਸਾਰੇ ਪਿੰਡਾਂ ਦੇ ਵਸਨੀਕਾਂ ਨੂੰ ਸੁਰੱਖਿਆ ਨੂੰ ਪਹਿਲ ਦੇਣ ਦੀ ਚੇਤਾਵਨੀ ਦਿੱਤੀ ਹੈ। ਪ੍ਰਭਾਵਿਤ ਖੇਤਰਾਂ ਵਿੱਚ ਸੁਰੱਖਿਆ ਕੈਂਪ ਸਥਾਪਤ ਕੀਤੇ ਗਏ ਹਨ ਤੇ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਇਸ ਦੇ ਨਾਲ ਹੀ ਜਲੰਧਰ ਵਿੱਚ ਸਤਲੁਜ ਦਰਿਆ ਦੇ ਓਵਰਫਲੋਅ ਕਾਰਨ ਜ਼ਿਲ੍ਹੇ ਦੇ ਲਗਪਗ 30 ਪਿੰਡਾਂ ਵਿੱਚ ਪਾਣੀ ਦਾਖਲ ਹੋ ਗਿਆ ਹੈ। ਉਧਰ, ਘੱਗਰ ਦਰਿਆ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਪਹੁੰਚ ਗਿਆ ਹੈ, ਜਿਸ ਕਾਰਨ ਪਟਿਆਲਾ ਤੇ ਸੰਗਰੂਰ ਜ਼ਿਲ੍ਹਿਆਂ ਵਿੱਚ ਅਲਰਟ ਜਾਰੀ ਕੀਤਾ ਗਿਆ ਹੈ। ਉਧਰ, ਸਾਰੇ ਡੈਮ ਪਾਣੀ ਨਾਲ ਭਰੇ ਹੋਏ ਹਨ। ਇਸ ਲਈ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਹੈ। ਪੌਂਗ ਡੈਮ ਦਾ ਪਾਣੀ ਦਾ ਪੱਧਰ ਬੁੱਧਵਾਰ ਸਵੇਰੇ 6 ਵਜੇ 1393.19 ਫੁੱਟ ਦਰਜ ਕੀਤਾ ਗਿਆ। ਡੈਮ ਵਿੱਚ ਪਾਣੀ ਦੀ ਆਮਦ 1,60,183 ਕਿਊਸਿਕ ਰਹੀ, ਜਦੋਂਕਿ ਪਾਣੀ ਦਾ ਨਿਕਾਸ 79,837 ਕਿਊਸਿਕ ਸੀ।




## ਭ੍ਰਿਸ਼ਟਾਚਾਰ ਦੇ ਮਾਮਲੇ ’ਚ ਗ੍ਰਿਫ਼ਤਾਰ MLA ਰਮਨ ਅਰੋੜਾ ਨੂੰ ਵੱਡੀ ਰਾਹਤ, ਹਾਈ ਕੋਰਟ ਤੋਂ ਮਿਲੀ ਰੈਗੂਲਰ ਜ਼ਮਾਨਤ

**ਜਲੰਧਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਭ੍ਰਿਸ਼ਟਾਚਾਰ ਦੇ ਮਾਮਲੇ ’ਚ ਗ੍ਰਿਫ਼ਤਾਰ ਕੀਤੇ ਗਏ ਜਲੰਧਰ ਸੈਂਟਰਲ ਹਲਕੇ ਦੇ ਵਿਧਾਇਕ ਰਮਨ ਅਰੋੜਾ ਅਤੇ ਨਗਰ ਨਿਗਮ ਦੇ ਏ.ਟੀ.ਪੀ. ਸੁਖਦੇਵ ਵਸ਼ਿਸ਼ਟ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਰਮਨ ਅਰੋੜਾ ਅਤੇ ਸੁਖਦੇਵ ਵਸ਼ਿਸ਼ਟ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ। ਰਮਨ ਅਰੋੜਾ ਨੇ ਆਪਣੇ ਖਿਲਾਫ਼ ਦਰਜ ਐਫਆਈਆਰ ਅਤੇ ਉਸ ਤੋਂ ਬਾਅਦ ਹੋਈ ਗ੍ਰਿਫ਼ਤਾਰੀ ਕਾਰਨ ਜ਼ਮਾਨਤ ਮੰਗੀ ਸੀ। ਜਾਣਕਾਰੀ ਅਨੁਸਾਰ ਹੁਣ ਇਹ ਦੋਵੇਂ ਜੇਲ੍ਹ ਵਿਚੋਂ ਬਾਹਰ ਆ ਸਕਦੇ ਹਨ। ਇਸ ਤੋਂ ਪਹਿਲਾਂ ਜਲੰਧਰ ਦੀ ਹੇਠਲੀ ਅਦਾਲਤ ਨੇ 11 ਜੁਲਾਈ ਨੂੰ ਰਮਨ ਅਰੋੜਾ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ, ਜਿਸ ਤੋਂ ਬਾਅਦ ਰਮਨ ਅਰੋੜਾ ਨੇ ਹਾਈ ਕੋਰਟ ਤੋਂ ਜ਼ਮਾਨਤ ਮੰਗੀ ਸੀ। ਅੱਜ ਹਾਈ ਕੋਰਟ ਨੇ ਉਨ੍ਹਾਂ ਨੂੰ ਰੈਗੂਲਰ ਜ਼ਮਾਨਤ ਦੇ ਦਿੱਤੀ ਹੈ। ਰਮਨ ਅਰੋੜਾ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਵੇਲੇ ਜੇਲ੍ਹ ’ਚ ਬੰਦ ਹਨ। ਤੁਹਾਨੂੰ ਦੱਸ ਦੇਈਏ ਕਿ ਏ.ਟੀ.ਪੀ. ਸੁਖਦੇਵ ਵਸ਼ਿਸ਼ਟ ਨੂੰ ਵਿਜੀਲੈਂਸ ਟੀਮ ਨੇ 14 ਮਈ ਨੂੰ ਜਾਅਲੀ ਨੋਟਿਸ ਭੇਜਣ ਦੇ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਸੀ। 10 ਦਿਨਾਂ ਦੀ ਪੁੱਛਗਿੱਛ ਤੋਂ ਬਾਅਦ ਵਿਜੀਲੈਂਸ ਟੀਮ ਨੇ ਵਿਧਾਇਕ ਰਮਨ ਅਰੋੜਾ ਨੂੰ 23 ਮਈ ਨੂੰ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ ਸੀ।



## ਮੈਨੂੰ ਪੁਲਿਸ ਮੁਕਾਬਲੇ ਵਿੱਚ ਮਾਰਨਾ ਚਾਹੁੰਦੇ... ਪੰਜਾਬ ਸਰਕਾਰ ਨੇ ਭੇਜੇ 500 ਪੁਲਿਸ ਮੁਲਾਜ਼ਮ, ਭਗੌੜੇ ਪਠਾਨਮਾਜਰਾ ਨੇ ਕੀਤਾ ਵੱਡਾ ਦਾਅਵਾ

**ਚੰਡੀਗੜ੍ਹ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੀ ਸੀਆਈਏ ਪੁਲਿਸ ਹਰਿਆਣਾ ਅਤੇ ਪੰਜਾਬ ਵਿੱਚ ‘ਆਪ’ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਭਾਲ ਵਿੱਚ ਰੁੱਝੀ ਹੋਈ ਹੈ। ਮੰਗਲਵਾਰ ਦੇਰ ਰਾਤ ਪੰਜਾਬ ਪੁਲਿਸ ਦੇ ਡੀਐਸਪੀ ਪੱਧਰ ਤੱਕ ਦੇ ਅਧਿਕਾਰੀ ਕਰਨਾਲ ਦੇ ਡਾਬਰੀ ਪਿੰਡ ਪਹੁੰਚੇ। ਉਨ੍ਹਾਂ ਨਾਲ ਐਨਕਾਊਂਟਰ ਸਪੈਸ਼ਿਲਸਟ ਡੀਐਸਪੀ ਵਿਕਰਮਜੀਤ ਬਰਾੜ ਵੀ ਦਿਖਾਈ ਦਿੱਤੇ। ਇਸ ਮੌਕੇ ਪਠਾਨਮਾਜਰਾ ਵੱਲੋਂ ਇੱਕ ਵੀਡੀਓ ਸਾਂਝੀ ਕਰਕੇ ਵੱਡੇ ਦਾਅਵੇ ਕੀਤੇ ਗਏ ਹਨ। ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰ ਦੇ ਇਕ ਵੀਡੀਓ ਸੁਨੇਹੇ ਵਿਚ ਦਾਅਵਾ ਕੀਤਾ ਹੈ ਕਿ ਉਸ ਨੂੰ ਅਗਾਊਂ ਜਾਣਕਾਰੀ ਮਿਲੀ ਸੀ ਕਿ ਗ੍ਰਿਫਤਾਰ ਕਰਨ ਆਈ ਪੁਲੀਸ ਉਸ ਨੂੰ ਇੱਕ ਮੁਕਾਬਲੇ ਵਿੱਚ ਮਾਰ ਦੇਵੇਗੀ, ਜਿਸ ਕਰਕੇ ਉਹ ਲੰਘੇ ਦਿਨ ਕਰਨਾਲ ਤੋਂ ਬਚ ਨਿਕਲਿਆ। ਪਠਾਨਮਾਜਰਾ ਨੇ ਕਿਹਾ, “ਹਾਲਾਂਕਿ, ਮੈਂ ਕਦੇ ਵੀ ਪੁਲੀਸ ਨਾਲ ਟਕਰਾਅ ਵਿੱਚ ਨਹੀਂ ਪਿਆ ਅਤੇ ਦੂਜੇ ਦਰਵਾਜ਼ਿਓਂ ਖਿਸਕ ਗਿਆ। ਪੁਲਿਸ ਨੇ ਮੇਰੀ ਗੱਡੀ ’ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਸਰਵ ਸ਼ਕਤੀਮਾਨ ਦੇ ਓਟ ਆਸਰੇ ਕਰਕੇ ਬਚ ਗਿਆ।” ਪਠਾਣਮਾਜਰਾ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਉਹ ਪੁਲਿਸ ਦਾ ਸਤਿਕਾਰ ਕਰਦੇ ਹਨ ਪਰ ਇਹ ਦੁੱਖ ਦੀ ਗੱਲ ਹੈ ਕਿ ਉਹ (ਪੁਲਿਸ ਮੁਲਾਜ਼ਮ) ਦਿੱਲੀ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਹੇ ਸਨ। ਪਠਾਣਮਾਜਰਾ ਨੇ ਸਾਥੀ ਵਿਧਾਇਕਾਂ ਨੂੰ ਦਿੱਲੀ ਲੌਬੀ ਦੇ ਗ਼ਲਤ ਕੰਮਾਂ ਖਿਲਾਫ਼ ਬੋਲਣ ਦੀ ਵੀ ਅਪੀਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਦੀ ਇਹ ਲੌਬੀ ਪੰਜਾਬ ਨੂੰ ਤਬਾਹ ਕਰਨ ’ਤੇ ਤੁਲੀ ਹੋਈ ਹੈ ਜਿਕਰ ਕਰ ਦਈਏ ਕਿ ਪੰਜਾਬ ਪੁਲਿਸ ਦੀਆਂ 5 ਗੱਡੀਆਂ ਵਿੱਚ ਟੀਮਾਂ ਰਾਤ 11 ਵਜੇ ਦੇ ਕਰੀਬ ਕਰਨਾਲ ਜ਼ਿਲ੍ਹੇ ਦੇ ਡਾਬਰੀ ਪਿੰਡ ਪਹੁੰਚੀਆਂ। ਇੱਥੇ ਪਹੁੰਚਣ ’ਤੇ, ਟੀਮ ਨੇ ਪਿੰਡ ਦੇ ਸਰਪੰਚ ਨੂੰ ਬੁਲਾਇਆ ਅਤੇ ਪਿੰਡ ਵਿੱਚ ਪੰਚਾਇਤ ਦੁਆਰਾ ਲਗਾਏ ਗਏ ਸੀਸੀਟੀਵੀ ਕੈਮਰਿਆਂ ਦੀ ਤਲਾਸ਼ੀ ਲਈ। ਦੱਸ ਦਈਏ ਕਿ ਮੰਗਲਵਾਰ ਸ਼ਾਮ ਨੂੰ ਪੰਜਾਬ ਦੀ ਸੀਆਈਏ ਪੁਲਿਸ ਨੇ ਕਰਨਾਲ ਦੇ ਸਦਰ ਪੁਲਿਸ ਸਟੇਸ਼ਨ ਵਿੱਚ ਪੰਜਾਬ ਦੇ ਵਿਧਾਇਕ ਹਰਮੀਤ ਸਿੰਘ ਅਤੇ ਸਾਬਕਾ ਸਰਪੰਚ ਵਿਰੁੱਧ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ ਅਤੇ ਪੁਲਿਸ ਪਾਰਟੀ ’ਤੇ ਗੋਲੀਬਾਰੀ ਤੇ ਪੱਥਰਬਾਜ਼ੀ ਕਰਨ ਦੇ ਦੋਸ਼ ਵਿੱਚ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਸ਼ਿਕਾਇਤ ਵਿੱਚ ਕਿਹਾ ਕਿ ਅਸੀਂ ਮੰਗਲਵਾਰ ਸਵੇਰੇ 5 ਵਜੇ ਦੇ ਕਰੀਬ ਕਰਨਾਲ ਦੇ ਡਾਬਰੀ ਪਿੰਡ ਵਿੱਚ ਸਾਬਕਾ ਸਰਪੰਚ ਗੁਰਨਾਮ ਸਿੰਘ ਲਾਡੀ ਦੇ ਘਰ ਵਿਧਾਇਕ ਹਰਮੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਛਾਪਾ ਮਾਰਿਆ। ਜਿਸ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਜਦੋਂ ਉਹ ਉਸਨੂੰ ਪਟਿਆਲਾ ਲੈ ਕੇ ਜਾਣ ਲੱਗੇ ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ’ਤੇ ਪੱਥਰਬਾਜ਼ੀ ਕੀਤੀ ਅਤੇ ਹਵਾ ਵਿੱਚ ਗੋਲੀਆਂ ਚਲਾਈਆਂ। ਜਿਸ ਤੋਂ ਬਾਅਦ ਵਿਧਾਇਕ ਮੌਕੇ ਤੋਂ ਭੱਜ ਗਿਆ। ਪੰਜਾਬ ਪੁਲਿਸ ਦੀ ਸ਼ਿਕਾਇਤ ’ਤੇ ਸਦਰ ਪੁਲਿਸ ਸਟੇਸ਼ਨ ਨੇ ਮਾਮਲਾ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।



## ਜਲ ਸਰੋਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਹੜ੍ਹ ਪੀੜਤ ਕਿਸਾਨਾਂ ਦੇ ਤਿੱਖੇ ਸਵਾਲ, ਪੁਲਿਸ ਸੁਰੱਖਿਆ ’ਚ ਕੱਢਿਆ ਉੱਥੋਂ ਬਾਹਰ

**ਅੰਮ੍ਰਿਤਸਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਜਲ ਸਰੋਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਪੰਜਾਬ ਦੇ ਆਈਏਐਸ ਅਧਿਕਾਰੀ ਕ੍ਰਿਸ਼ਨ ਕੁਮਾਰ ਨੂੰ ਘੇਰ ਤੇ ਕਿਹਾ ਕਿ ਉਨ੍ਹਾਂ ਕਾਰਨ ਪੂਰਾ ਪੰਜਾਬ ਡੁੱਬ ਗਿਆ ਹੈ। ਇਸ ਮੌਕੇ ਹੜ੍ਹ ਪੀੜਤ ਕਿਸਾਨਾਂ ਨੇ ਅਧਿਕਾਰੀ ਨੂੰ ਸਵਾਲ ਜਵਾਬ ਕੀਤੇ ਤਾਂ ਉੱਥੋਂ ਬਹੁਤ ਮੁਸ਼ਕਲ ਨਾਲ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਹੇਠ ਉੱਥੋਂ ਬਾਹਰ ਕੱਢਿਆ ਗਿਆ।

**ਪਟਿਆਲਾ ’ਚ ਹੜ੍ਹਾਂ ਦਾ ਖਤਰਾ, ਘੱਗਰ ਤੇ ਟਾਂਗਰੀ ਨਦੀਆਂ ਨੱਕੋ-ਨੱਕ ਭਰੀਆਂ, ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਰਹਿਣ ਦਾ ਅਲਰਟ**: ਹਿਮਾਚਲ ਪ੍ਰਦੇਸ਼ ਤੇ ਪੰਜਾਬ ਦੀ ਹੱਦ ਨਾਲ ਲੱਗਦੇ ਇਲਾਕਿਆਂ ਵਿੱਚ ਲਗਾਤਾਰ ਹੋ ਰਹੀ ਬਾਰਸ਼ ਕਰਕੇ ਮੁਹਾਲੀ ਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਹੜ੍ਹ ਦਾ ਖਤਰਾ ਵਧ ਗਿਆ ਹੈ। ਘੱਗਰ ਤੇ ਟਾਂਗਰੀ ਨਦੀਆਂ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਪੰਜਾਬ ਦੀ ਸਰਹੱਦ ਨਾਲ ਲੱਗਦੇ ਹਰਿਆਣਾ ਦੇ ਅੰਬਾਲਾ ਤੇ ਕਾਲਾ ਅੰਬ ਖੇਤਰਾਂ ਵਿੱਚ ਭਾਰੀ ਬਾਰਸ਼ ਕਾਰਨ ਟਾਂਗਰੀ ਨਦੀ ਦਾ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਪਹੁੰਚ ਗਿਆ ਹੈ। ਅੰਦਾਜ਼ਾ ਹੈ ਕਿ ਅਗਲੇ 10-12 ਘੰਟਿਆਂ ਵਿੱਚ ਪਟਿਆਲਾ ਜ਼ਿਲ੍ਹੇ ਦੇ ਦੇਵੀਗੜ੍ਹ ਖੇਤਰ ਵਿੱਚ ਇਸ ਦੇ ਪਾਣੀ ਦਾ ਪੱਧਰ ਹੋਰ ਵੱਧ ਸਕਦਾ ਹੈ। ਇਸ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਤੁਰੰਤ ਚੇਤਾਵਨੀ ਜਾਰੀ ਕੀਤੀ ਹੈ। ਇਸ ਪਾਣੀ ਨਾਲ ਮਹਿਮੂਦਪੁਰ ਰੁੜਕੀ, ਦੇਵੀਨਗਰ, ਹਰੀਗੜ੍ਹ, ਰੋਹੜ ਜਾਗੀਰ, ਲੇਹਲਾਂ ਜਾਗੀਰ, ਦੂਧਣਗੁਜਰਾਂ, ਅਦਾਲਤੀਵਾਲਾ, ਮੱਘਰ ਸਾਹਿਬ, ਮੋਹਲਗੜ੍ਹ, ਖਾਂਸਾ, ਰੱਤਾਖੇੜਾ, ਔਜਾਂ, ਖਤੌਲੀ, ਗਣੇਸ਼ਪੁਰ, ਖਰਾਬਗੜ੍ਹ, ਬੀਬੀਪੁਰ, ਜੋਧਪੁਰ, ਬੁੱਧਮੋਰ ਤੇ ਸਾਦਿਕਪੁਰ ਬੀੜਾਂ ਪਿੰਡ ਪ੍ਰਭਾਵਿਤ ਹੋ ਸਕਦੇ ਹਨ।

ਇਸ ਦੇ ਨਾਲ ਹੀ ਪਟਿਆਲਾ ਦੇ ਰਾਓ ਨਦੀ ਦੇ ਤੇਜ਼ ਵਹਾਅ ਵੀ ਖਤਰਾ ਵਧਾ ਰਿਹਾ ਹੈ। ਪ੍ਰਸਾਸ਼ਨ ਵੱਲੋਂ ਸਥਾਨਕ ਲੋਕਾਂ ਨੂੰ ਸਾਵਧਾਨ ਰਹਿਣ, ਨਦੀ ਦੇ ਕੰਢੇ ਨਾ ਜਾਣ ਤੇ ਪ੍ਰਸ਼ਾਸਨਿਕ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ। ਪ੍ਰਸ਼ਾਸਨ ਨੇ ਪ੍ਰਭਾਵਿਤ ਖੇਤਰਾਂ ਵਿੱਚ ਸੁਰੱਖਿਆ ਕੈਂਪ ਸਥਾਪਤ ਕੀਤੇ ਹਨ ਤੇ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ। ਕਿਸੇ ਵੀ ਐਮਰਜੈਂਸੀ ਜਾਣਕਾਰੀ ਲਈ ਪਟਿਆਲਾ ਜ਼ਿਲ੍ਹਾ ਕੰਟਰੋਲ ਰੂਮ ਨੰਬਰ 0175-2350550, 2358550 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਕਈ ਪਿੰਡਾਂ ਦਾ ਕੀਤਾ ਦੌਰਾ



**ਅੰਮ੍ਰਿਤਸਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਬਾਬਾ ਸਤਨਾਮ ਸਿੰਘ ਦੇ ਨਾਲ ਜਾ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਬਾਰਡਰ ਖੇਤਰ ਵਿੱਚ ਹੜ੍ਹ ਨਾਲ ਪ੍ਰਭਾਵਿਤ ਹੋਏ ਕਈ ਪਿੰਡਾਂ ਦਾ ਦੌਰਾ ਕੀਤਾ ਅਤੇ ਲੋਕਾਂ ਦੇ ਘਰਾਂ, ਫ਼ਸਲਾਂ ਅਤੇ ਪਸ਼ੂਆਂ ਨੂੰ ਪੁੱਜੇ ਨੁਕਸਾਨ ਦਾ ਜਾਇਜ਼ਾ ਲਿਆ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਸਮੂਹ ਸਿੱਖ ਨੌਜਵਾਨਾਂ ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਵਿੱਚ ਰਾਹਤ ਸਮੱਗਰੀ ਪਹੁੰਚਾ ਰਹੀਆਂ ਸਮੂਹ ਸੰਸਥਾਵਾਂ, ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਤੇ ਜਥੇਬੰਦੀਆਂ ਦਾ ਧੰਨਵਾਦ ਕੀਤਾ ਤੇ ਅਰਦਾਸ ਕੀਤੀ ਕਿ ਇਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ। ਉਨ੍ਹਾਂ ਪੰਜਾਬ ਅਤੇ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਸਵਾਲ ਚੁੱਕੇ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਨੁਮਾਇੰਦਿਆਂ ਦੀ ਹਰ ਪਿੰਡ ਤੱਕ ਪਹੁੰਚ ਨਾ ਹੋਣ ਅਤੇ ਸੇਵਾ ਕਰ ਰਹੀਆਂ ਸੰਸਥਾਵਾਂ ਨੂੰ ਕਿਸ਼ਤੀਆਂ ਮੁਹੱਈਆ ਕਰਵਾਉਣ ਵਿੱਚ ਅਸਫਲ ਹੋਣ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਸੇਵਾ ਕਰ ਰਹੀਆਂ ਸੰਸਥਾਵਾਂ ਨੂੰ ਆਖਿਆ ਉਹ ਇਹ ਯਕੀਨੀ ਬਣਾਉਣ ਕਿ ਰਾਹਤ ਸਮੱਗਰੀ ਪਿੰਡਾਂ ਦੇ ਹਰ ਲੋੜਵੰਦ ਪਰਿਵਾਰਾਂ ਤੱਕ ਪਹੁੰਚੇ ਅਤੇ ਕੋਈ ਵੀ ਪ੍ਰਭਾਵਿਤ ਪਰਿਵਾਰ ਰਾਹਤ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਗਹਿਰੀ ਵੱਸੋਂ ਵਾਲੇ ਪਿੰਡਾਂ ਤੱਕ ਪਹੁੰਚ ਕਰਨੀ ਅਤੇ ਉਨ੍ਹਾਂ ਤੱਕ ਪਸ਼ੂਆਂ ਦਾ ਚਾਰਾ ਪਹੁੰਚਾਉਣਾ ਅਤਿ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਵੱਲੋਂ ਇਸ ਖੇਤਰ ਵਿੱਚ ਲਗਾਤਾਰ ਲੋਕਾਂ ਨੂੰ ਰਾਹਤ ਪਹੁੰਚਾਉਣ ਅਤੇ ਟੁੱਟੇ ਬੰਨ੍ਹਾਂ ਨੂੰ ਬੰਨ੍ਹਣ ਲਈ ਵੱਡੀਆਂ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵੱਲੋਂ



# ਪੰਜ ਤਖ਼ਤ ਸਾਹਿਬਾਨ

ਅਤੇ

## 32 ਤੋਂ ਵੱਧ ਹੋਰ ਇਤਿਹਾਸਕ ਗੁਰਧਾਮਾਂ ਦੀ ਯਾਤਰਾ

29 ਅਕਤੂਬਰ ਤੋਂ 8 ਨਵੰਬਰ 2025 ਅਤੇ 15 ਫਰਵਰੀ 2026 ਤੋਂ 25 ਫਰਵਰੀ 2026

ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

★ ਸੰਪਰਕ ★

ਭਾਈ ਰਘਵੀਰ ਸਿੰਘ
+44 7976 210161




CROWN
INTERIOR DESIGN
DESIGN - MANUFACTURING SUPPLY AND FITTING
Follow us on :
DEALS IN :
ਆਵਾਜ਼ਿ ਕੌਮ AWAZE QAUM
International Newspaper & WEB TV
Kitchens
Bedrooms
Media Wall
Loft
Wardrobes & Sliding Doors
Dressing Table
Study Room
Bar
All Inclusive Free Measurement
Design & Quotes
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
SCAN HERE FOR WEBSITE


SCAN HERE FOR WEBSITE
Follow us on :
CROWN
INTERIOR DESIGN
DESIGN - MANUFACTURING SUPPLY AND FITTING
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
ਆਵਾਜ਼ਿ ਕੌਮ
AWAZE QAUM
International Newspaper & WEB TV








**ਆਵਾਜ਼ਿ ਕੌਮ**
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243





ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ ’ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB

VEG & NON-VEG INDIAN

TAKE AWAY MENU

0116 291 1565
075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

## SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com


ALLERGY ADVICE !!

Please ask a member of staff if you have any food intolerance or allergies.


ਆਵਾਜ਼ਿ ਕੌਮ
AWAZE QAUM
International Newspaper & WEB TV


ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ
ਆਵਾਜ਼ਿ ਕੌਮ AWAZE QAUM TV
AWAZE QAUM TOURS & TRAVELS
ORGANISE
PANJ TAKHAT YATRA
ਪੰਜ ਤਖ਼ਤ ਦਰਸ਼ਨ ਯਾਤਰਾ
( FROM 15th FEB 2026 TO 25th FEB 2026 )
10 Nights 11 Days Tour From 15th Feb 2026 to 25th Feb 2026
AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS
• Luxury Hotel with Breakfast & Dinner
• Luxury Air-conditioned Coaches
• Domestic Flights
• Guide
• Flexibility to stay in India before & after the trip*
• Starting and Ending Point at Jalandhar
NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE
Account Name RAGHBIR SINGH
Bank Name HALIFAX
Sort Code 11-08-07
Account Number 00516474
ADVICE
REQUEST TO ALL SANGAT TO HAVE YOUR OWN TRAVEL INSURANCE INDIVIDUALLY !
FOR MORE INFO CONTACT
RAGHBIR SINGH
(CALL +44 7458 381111, +44 7976 210161)
PARAMJIT SHERGILL +44 7858 198159
INDERJIT KAUR +44 7883 635835
KULVINDER MANN +44 7900 982906
121, BROADWAY WEST WALSALL, WEST MIDLANDS, WS1 4DW, ENGLAND UK

## ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥







ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ



# 29ਵਾਂ ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

## ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ

ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

## 1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404



ਆਵਾਜ਼ਿ ਕੌਮ AWAZE QAUM International Newspaper & WEB TV

ਵਾਹਿਗੁਰੂ ਜੀ ਕਾ ਖਾਲਸਾ ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕੀ ਫ਼ਤਹਿ ॥

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

**RAGHBIR SINGH (Call : +44 7976 210161)**
121. Broadway west Walsall, West Midlands, WS1 4DW, England uk


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note :** To Book Deposit £600 as an advance into the mendioned bank account balance amout need to be deposited 2 weeks before the travel date.

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

Contact Detail :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

--ADVICE--
**Request to all Sangat to have own travel Insurance individualy!**

Program is subject to change without Prior Notice.

ਆਵਾਜ਼ਿ ਕੌਮ AWAZE QAUM

## JOURNEY OF A LIFE TIME
## PANJ TAKHAT YATRA
## 5 TAKHAT YATRA - 10 NIGHTS / 11 DAYS

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd




After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th




Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th




After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th




After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

**FOR MORE INFORMATION PLS. CONTACT**

| RAGHBIR SINGH | PARAMJIT SHERGILL | INDERJIT KAUR | KULVINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ।

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

## ਅਕਾਊਂਟ ਨੰਬਰ ਤੇ ਡਿਟੇਲ

Account Name: RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।


ਆਵਾਜ਼ਿ ਕੌਮ AWAZE QAUM

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੁ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)




ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)




ਸਵੇਰੇ ਨਾਸ਼ਤੇ ਤੋਂ ਬਾਅਦ ਟਰੇਨ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਉ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)




ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)




ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)




ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)




ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| RAGHBIR SINGH | PARAMJIT SHERGILL | INDERJIT KAUR | KULWINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |





### ਉੱਤਰ ਪ੍ਰਦੇਸ਼ ਦੀ ਅਸ਼ੀਰਵਾਦ ਸੇਵਾ ਸੰਸਥਾ ਵੱਲੋਂ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਦਾ ਸਨਮਾਨ

# ਸ਼ਾਇਰਾਂ ਵੱਲੋਂ ਮੀਂਹ ਦੀ ਕਿਣਮਣੀ ਵਿੱਚ ਸ਼ਾਇਰੀ ਦੀ ਕਿਣਮਿਣ

**ਚੌਂਕ ਮਹਿਤਾ, 3 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਸਿੱਖਿਆ, ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਦੇਸ਼ ਦੇ 15 ਰਾਜਾਂ ਵਿੱਚ ਕਾਰਜਸ਼ੀਲ ਉੱਤਰ ਪ੍ਰਦੇਸ਼ ਦੀ ਅਸ਼ੀਰਵਾਦ ਸੇਵਾ ਸੰਸਥਾ ਵੱਲੋਂ ਪ੍ਰਸਿੱਧ ਸ਼ਾਇਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆਂ ਦੇ ਸਨਮਾਨ ਵਿੱਚ ਇਥੋਂ ਦੇ ਪੈਨਸ਼ਨਰ ਭਵਨ ਵਿਖੇ ਇੱਕ ਭਾਵਪੂਰਤ ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ।




ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਸਿੱਧ ਅਲੋਚਕ ਗੁਰਦੇਵ ਖੋਖਰ ਨੇ ਕੀਤੀ ਜਦੋਂ ਕਿ ਉੱਘੀ ਸਿੱਖਿਆ ਸ਼ਾਸਤਰੀ ਪ੍ਰਿੰ. ਮੋਨਿਕਾ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।ਉਹਨਾਂ ਦੇ ਨਾਲ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਨਾਵਲਕਾਰ ਜਸਪਾਲ ਮਾਨਖੇੜਾ, ਸ਼ਾਇਰ ਸੁਰਿੰਦਰਪ੍ਰੀਤ ਘਣੀਆਂ, ਸੰਸਥਾ ਦੇ ਜਨਰਲ ਸਕੱਤਰ ਡੀ.ਕੇ. ਗੌਤਮ ,ਕਵਿੱਤਰੀ ਅੰਮ੍ਰਿਤ ਕਲੇਰ ਅਤੇ ਵਾਰਤਕ ਲੇਖਕ ਜਗਮੇਲ ਸਿੰਘ ਜਠੌਲ ਸੁਸ਼ੋਭਤ ਸਨ।

ਸਮਾਗਮ ਦੀ ਆਰੰਭਤਾ ਤੋਂ ਪਹਿਲਾਂ ਖੱਬੀ ਲਹਿਰ ਦੇ ਸਰਗਰਮ ਕਾਰਕੁਨ ਅਤੇ ਸਾਹਿਤ ਦੇ ਗੰਭੀਰ ਪਾਠਕ ਕਾਮਰੇਡ ਜਰਨੈਲ ਸਿੰਘ ਭਾਈ ਰੂਪਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੰਚ ਸੰਚਾਲਕ ਮੀਤ ਬਠਿੰਡਾ ਦੇ ਸੱਦੇ ਤੇ ਡੀ. ਕੇ. ਗੌਤਮ ਨੇ ਹਾਜ਼ਰੀਨ ਨੂੰ ਹਾਰਦਿਕ ਜੀਅ ਆਇਆਂ ਕਹਿੰਦਿਆਂ ਅਸ਼ੀਰਵਾਦ ਸੇਵਾ ਸੰਸਥਾ ਦੇ ਉਦੇਸ਼ ਅਤੇ ਕਾਰਜ ਖੇਤਰ ਬਾਰੇ ਜਾਣਕਾਰੀ ਦਿੰਦਿਆਂ ਪ੍ਰਸੰਨਤਾ ਵਿਅਕਤ ਕਰਦਿਆਂ ਕਿਹਾ ਕਿ ਉਹ ਰਿਸ਼ੀਆਂ, ਮੁਨੀਆਂ ਅਤੇ ਯੋਧਿਆਂ ਦੀ ਇਸ ਪੰਜਾਬ ਦੀ ਧਰਤੀ ਉੱਪਰ ਆ ਕੇ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਨ। ਸਮਾਗਮ ਦੇ ਪਹਿਲੇ ਚਰਨ ਵਿੱਚ ਸਨਮਾਨਿਤ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਬਾਰੇ ਬੋਲਦਿਆਂ ਜਸਪਾਲ ਮਾਨਖੇੜਾ ਨੇ ਕਿਹਾ ਕਿ ਸ੍ਰੀ ਘਣੀਆਂ ਨਾਬਰੀ ਦਾ ਸ਼ਾਇਰ ਹੋਣ ਦੇ ਨਾਲ ਨਾਲ ਇਕ ਸਮਰੱਥ ਜਥੇਬੰਦਕ ਆਗੂ ਵੀ ਹੈ ।ਨੈਸ਼ਨਲ ਅਵਾਰਡੀ ਅਧਿਆਪਕ ਸ੍ਰੀ ਰਘਵੀਰ ਚੰਦ ਸ਼ਰਮਾ ਅਤੇ ਟੀਚਰਜ਼ ਹੋਮ ਟਰਸਟ ਦੇ ਜਨਰਲ ਸਕੱਤਰ ਲਛਮਣ ਮਲੂਕਾ ਦਾ ਕਹਿਣਾ ਸੀ ਕਿ ਸੁਰਿੰਦਰਪ੍ਰੀਤ ਘਣੀਆਂ ਖੇਡ ਮੈਦਾਨਾਂ ਵਿੱਚ ਝੰਡੇ ਗੱਡਣ ਤੋਂ ਬਾਅਦ ਹੁਣ ਸਾਹਿਤ ਦੇ ਖੇਤਰ ਵਿੱਚ ਬਲੰਦੀਆਂ ਛੋਹ ਰਿਹਾ ਹੈ। ਸੂਬਾਈ ਅਧਿਆਪਕ ਆਗੂ ਦਰਸ਼ਨ ਮੌੜ ਅਤੇ ਫਿਲਮੀ ਜਰਨਲਿਸਟ ਤਰਸੇਮ ਬਸ਼ਰ ਨੇ ਕਿਹਾ ਕਿ ਸ੍ਰੀ ਘਣੀਆਂ ਸਿਰਫ ਗ.ਜ਼ਲਾਂ ਲਿਖਦਾ ਹੀ ਨਹੀਂ ਸਗੋਂ ਲੋਕ ਘੋਲਾਂ ਵਿੱਚ ਵੀ ਮੋਹਰੀ ਭੂਮਿਕਾ ਨਿਭਾਉਂਦਾ ਹੈ ।ਸਾਹਿਤ ਦੇ ਉੱਘੇ ਵਿਦਵਾਨ ਗੁਰਦੇਵ ਖੋਖਰ ਨੇ ਸੁਰਿੰਦਰਪ੍ਰੀਤ ਘਣੀਆਂ ਦੀ ਕਾਵਿ-ਕਲਾ ਬਾਰੇ ਬੋਲਦਿਆਂ ਕਿਹਾ ਕਿ ਸ੍ਰੀ ਘਣੀਆਂ ਸਮਾਜਿਕ ਸਰੋਕਾਰਾਂ ਅਤੇ ਫਿਕਰਾਂ ਬਾਰੇ ਚਿੰਤਾ ਕਰਦਾ ਹੋਇਆ ਚਿੰਤਨਸ਼ੀਲ ਅਤੇ ਸੁਹਜਮਈ ਸ਼ਾਇਰੀ ਕਰਦਾ ਹੈ, ਜਿਸ ਵਿੱਚ ਰਾਜਨੀਤਿਕ ਸੁਰ ਦੀ ਗੂੰਜ ਤੀਬਰਤਾ ਨਾਲ ਸੁਣਾਈ ਦਿੰਦੀ ਹੈ। ਪ੍ਰਿੰ. ਮੋਨਿਕਾ ਸਿੰਘ ਨੇ ਕਿਹਾ ਕਿ ਸਾਹਿਤ ਦੀ ਹਰ ਯੁਗ ਵਿੱਚ ਮਹੱਤਵਪੂਰਨ ਭੂਮਿਕਾ ਰਹੀ ਹੈ। ਉਹਨਾਂ ਕਿਹਾ ਕਿ ਉਦਾਸੀਨ ਅਤੇ ਅਰਾਜਿਕਤਾ ਦੇ ਅਜੋਕੇ ਮਾਹੌਲ ਵਿੱਚ ਸਾਹਿਤ ਦੀ ਭੂਮਿਕਾ ਹੋਰ ਵੀ ਵੱਧ ਜਾਂਦੀ ਹੈ ਜਦੋਂ ਮਨੁੱਖ ਸਵੈ ਅਤੇ ਸਮਾਜ ਨਾਲੋਂ ਟੁੱਟ ਕੇ ਖ਼ਲਾਅ ਵਿੱਚ ਲਟਕ ਤੇ ਭਟਕ ਰਿਹਾ ਹੈ ।ਇਸ ਉਪਰੰਤ ਸੁਰਿੰਦਰਪ੍ਰੀਤ ਘਣੀਆਂ ਨੇ ਆਪਣੀ ਕਨੇਡਾ ਫੇਰੀ ਦੇ ਅਨੁਭਵ ਅਤੇ ਸ਼ਾਇਰੀ ਸਾਂਝੀ ਕਰਦਿਆਂ ਅਸ਼ੀਰਵਾਦ ਸੰਸਥਾ ਅਤੇ ਬੁਲਾਰਿਆਂ ਦਾ ਧੰਨਵਾਦ ਕਰਨ ਉਪਰੰਤ ਕਿਹਾ ਕਿ ਇਹ ਸਨਮਾਨ ਉਸ ਨੂੰ ਜਿੱਥੇ ਹੌਸਲਾ ਦੇਵੇਗਾ ਉਥੇ ਉਸ ਨੂੰ ਉਸਦੀ ਜ਼ਿੰਮੇਵਾਰੀਆਂ ਪ੍ਰਤੀ ਹੋਰ ਵੀ ਸੁਚੇਤ ਅਤੇ ਪਾਬੰਦ ਕਰੇਗਾ। ਇਸ ਮੌਕੇ ਜਿੱਥੇ ਉਕਤ ਸੰਸਥਾ ਵੱਲੋਂ ਸੁਰਿੰਦਰਪ੍ਰੀਤ ਘਣੀਆਂ ਨੂੰ ਸਨਮਾਨ ਪੱਤਰ ਅਤੇ ਸ਼ਾਲ ਭੇਂਟ ਕਰਕੇ ਉਸ ਦਾ ਸਨਮਾਨ ਕੀਤਾ ਗਿਆ ਉਥੇ ਹੋਣਹਾਰ ਚਿੱਤਰਕਾਰ ਸਿਮਰੋਜ ਕੌਰ ਮੋਹਲ ਵੱਲੋਂ ਸੁਰਿੰਦਰਪ੍ਰੀਤ ਘਣੀਆਂ ਦਾ ਪੈਨਸਲ ਨਾਲ ਬਣਾਇਆ ਖੂਬਸੂਰਤ ਚਿੱਤਰ ਵੀ ਉਸ ਨੂੰ ਭੇਂਟ ਕੀਤਾ ਗਿਆ।

ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਹੋਏ ਕਵੀ ਦਰਬਾਰ ਵਿੱਚ ਸ੍ਰੀਮਤੀ ਸਨੇਹ ਗੋਸ਼ਵਾਮੀ, ਅੰਮ੍ਰਿਤ ਕਲੇਰ, ਕੁਲਦੀਪ ਸਿੰਘ ਦੀਪ, ਪ੍ਰੋ.ਜਸਕਰਨ ਜਸ, ਰਣਜੀਤ ਗੌਰਵ, ਗ.ਜ਼ਲ ਗਾਇਕ ਹਰੀ ਕ੍ਰਿਸ਼ਨ ਸ਼ਰਮਾਂ, ਡਾ. ਰਾਜਪਾਲ ਸਿੰਘ, ਜਸਵਿੰਦਰ ਸੁਰਗੀਤ, ਗੁਰਦੇਵ ਕੋਟਫੱਤਾ, ਦਿਲਬਾਗ ਸਿੰਘ ,ਇਕਬਾਲ ਪੀ.ਟੀ., ਪੋਰਿੰਦਰ ਸਿੰਗਲਾ, ਕੁਲਵੰਤ ਸਿੰਘ, ਸੁੰਦਰ ਸਿੰਘ ਬਾਜਾਖਾਨਾ ਆਦਿ ਸ਼ਾਇਰਾਂ ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਨੂੰ ਸਰਸ਼ਾਰ ਕਰਨ ਦੇ ਨਾਲ ਨਾਲ ਉਹਨਾਂ ਦੇ ਚਿੱਤ ਅਤੇ ਚੇਤਨਾ ਨੂੰ ਵੀ ਭਰਵਾਂ ਹਲੂਣਾ ਦਿੱਤਾ। ਇਸ ਮੌਕੇ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਕਵੀਆਂ ਨੂੰ ਯਾਦਗਾਰੀ ਚਿੰਨ ਦੇ ਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉਕਤ ਤੋਂ ਇਲਾਵਾ ਵੱਖ-ਵੱਖ ਖੇਤਰਾਂ ਨਾਲ ਸਬੰਧਤ ਸ਼ਹਿਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਸਰਵ ਸ੍ਰੀ ਦਰਬਾਰਾ ਸਿੰਘ ਸਿੱਧੂ, ਪ੍ਰਿੰ. ਜੋਗਿੰਦਰ ਸਿੰਘ ਸੋਹਲ, ਪ੍ਰਿੰ. ਰਣਜੀਤ ਸਿੰਘ, ਉਰਦੂ ਕਹਾਣੀਕਾਰ ਮਲਕੀਤ ਸਿੰਘ ਮਛਾਣਾ, ਮੱਖਣ ਸਿੰਘ ਮੋਹਲ, ਸਿਕੰਦਰ ਸਿੰਘ ਧਾਲੀਵਾਲ, ਗੁਰਤੇਜ ਸਿੰਘ ਸਿੱਧੂ, ਸੁਰਿੰਦਰ ਗਿੱਦੜਬਾਹਾ, ਜਗਤਦੀਪ ਸਿੰਘ ਦੀਪ, ਜਗਤਾਰ ਕਲੇਰ, ਵਿੰਦਰ ਵਰਮਾ ਆਦਿ ਹਾਜ਼ਰ ਸਨ। ਤਰਕਸ਼ੀਲ ਸੁਸਾਇਟੀ ਵੱਲੋਂ ਗਿਆਨ ਸਿੰਘ ਮਛਾਣਾ ਦੀ ਅਗਵਾਈ ਵਿੱਚ ਤਰਕਸ਼ੀਲ ਸਾਹਿਤ ਦੀ ਸਟਾਲ ਵੀ ਲਗਾਈ ਗਈ। ਸਮਾਗਮ ਦੇ ਅਖੀਰ ਵਿੱਚ ਜਗਮੇਲ ਸਿੰਘ ਜਠੌਲ ਵੱਲੋਂ ਸਮੂਹ ਹਾਜ਼ਰੀਨ ਦਾ ਭਾਵਪੂਰਤ ਸ਼ਬਦਾਂ ਵਿੱਚ ਧੰਨਵਾਦ ਕਰਦਿਆਂ ਸਮਾਗਮ ਦੀ ਸਫਲਤਾ ਤੇ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਸਭ ਤੋਂ ਪਹਿਲੇ ਨੰਬਰ 'ਤੇ

# ਯੂਅਰ ਚੈਰੀਟੇਬਲ ਸੇਵਾ ਸੁਸਾਇਟੀ ਜੱਬੋਵਾਲ ਅਤੇ ਸੰਤ ਬਾਬਾ ਗੁਰਬਖਸ਼ ਸਿੰਘ ਅਕੈਡਮੀ ਜੱਬੋਵਾਲ ਡਟੀ ਹੈ









**ਚੌਕ ਮਹਿਤਾ, 3 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਹੜ ਪੀੜਤਾਂ ਲਈ ਮੂਹਰੇ ਆਏ ਯੂਅਰ ਚੈਰੀਟੇਬਲ ਸੇਵਾ ਸੁਸਾਇਟੀ ਜੱਬੋਵਾਲ ਅਤੇ ਸੰਤ ਬਾਬਾ ਗੁਰਬਖਸ਼ ਸਿੰਘ ਅਕੈਡਮੀ ਜੱਬੋਵਾਲ ਦਿਨ ਰਾਤ ਇੱਕ ਕਰਕੇ ਪੰਜਾਬ ਵਿੱਚ ਵੱਧ ਤੋਂ ਵੱਧ ਸੇਵਾ ਕਰ ਰਹੀ ਹੈ।ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਅਕੈਡਮੀ ਜੱਬੋਵਾਲ ਦੇ ਮੁੱਖੀ ਸੰਤ ਬਾਬਾ ਮਲਕੀਅਤ ਸਿੰਘ ਜੀ ਦੇ ਸਹਿਯੋਗ ਨਾਲ ਕਈ ਦਿਨਾਂ ਤੋ ਡੂੰਘੇ ਪਾਣੀ ਵਿੱਚ ਜਾਕੇ ਹੜ ਪੀੜਤਾਂ ਲੋਕਾਂ ਦੀ ਬਾਂਹ ਫੜ ਰਹੀ ਹੈ ਹਰੇਕ ਪ੍ਰਕਾਰ ਦੀਆਂ ਵਸਤੂਆਂ ਜਿਵੇਂ ਕਿ ਬਿਸਤਰੇ, ਲਾਈਟਾਂ, ਸੁੱਕਾ ਦੁੱਧ, ਪਾਣੀ, ਲੰਗਰ ਤਰਪਾਲਾ, ਬਰਸਾਤੀਆ ਆਦਿ ਹੋਰ ਕਈ ਪ੍ਰਕਾਰ ਦੀਆਂ ਵਸਤੂਆਂ ਦੀ ਸੇਵਾ ਸੁਸਾਇਟੀ ਦੇ ਸੇਵਾਦਾਰ ਆਪਣੀਆਂ ਕੀਮਤੀ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਖਤਰੇ ਵਾਲੀਆਂ ਥਾਵਾਂ ਤੇ ਪਾਉਚ ਕਰਕੇ ਸੇਵਾ ਕਰ ਰਹੇ ਹਨ ।ਅਤੇ ਰੋਜ਼ਾਨਾ ਮਾਲ ਡੰਗਰਾਂ ਲਈ ਤੂੜੀ, ਆਚਾਰ ਹਰਿਆ ਦੀ ਵੀ ਸੇਵਾ ਰੋਜ਼ਾਨਾ ਚੱਲ ਰਹੀ ਹੈ। ਯੂਅਰ ਚੈਰੀਟੇਬਲ ਸੇਵਾ ਸੁਸਾਇਟੀ ਜੱਬੋਵਾਲ ਅਤੇ ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਅਕੈਡਮੀ ਜੱਬੋਵਾਲ ਦੇ ਮੁੱਖੀ ਸੰਤ ਬਾਬਾ ਮਲਕੀਅਤ ਸਿੰਘ ਜੱਬੋਵਾਲ ਵੱਲੋਂ ਸਮੂਹ ਐਨ ਆਰ ਆਈ ਅਤੇ ਇਲਾਕੇ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਆਉਖੀ ਘੜੀ ਵਿੱਚ ਤਨ ਮਨ ਅਤੇ ਧੰਨ ਦੀ ਸੇਵਾ ਕਰਕੇ ਸਾਥ ਦਿੱਤਾ ਜਾਵੇ। ਸੇਵਾ ਭੇਜਣ ਲਈ ਮੋਬਾਈਲ ਨੰਬਰ 9781061891 ਅਤੇ ਕਿਉਰਕੋਡ ਦਿੱਤਾ ਗਿਆ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV



**ਹੜ ਪੀੜਤ ਪਰਿਵਾਰਾਂ ਦੀ ਸਥਿਤੀ ਜਾਇਜ਼ਾ ਲੈਣ ਲਈ ਅਤੇ ਉਹਨਾਂ ਦੀ ਸਹਾਇਤਾ ਲਈ**

# ਭਾਈ ਅੰਮ੍ਰਿਤਪਾਲ ਸਿੰਘ ਨੂੰ ਦਿੱਤੀ ਜਾਵੇ ਪੈਰੋਲ : ਮਾਤਾ ਬਲਵਿੰਦਰ ਕੌਰ




ਮੰਗ ਪੱਤਰ

ਸੇਵਾ ਵਿਖੇ,
ਮਾਣਯੋਗ ਗ੍ਰਹਿ ਮੰਤਰੀ ਜੀ,
ਭਾਰਤ ਸਰਕਾਰ,
ਗ੍ਰਹਿ ਮੰਤਰਾਲਾ,
ਨਵੀਂ ਦਿੱਲੀ।

ਮਾਰਫ਼ਤ
ਡਿਪਟੀ ਕਮਿਸ਼ਨਰ,
ਅੰਮ੍ਰਿਤਸਰ (ਪੰਜਾਬ)

ਵਿਸ਼ਾ :- ਖਡੂਰ ਸਾਹਿਬ ਹਲਕੇ ਤੋਂ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਘੱਟੋ-ਘੱਟ ਇੱਕ ਮਹੀਨੇ ਦੀ ਪੈਰੋਲ ਅਤੇ ਸੰਸਦੀ ਫੰਡ ਜਾਰੀ ਕਰਨ ਬਾਰੇ।

ਸ੍ਰੀਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਨੇ ਬਹੁਤ ਵੱਡੀ ਤਬਾਹੀ ਮਚਾਈ ਹੈ। ਖਾਸ ਕਰਕੇ ਖਡੂਰ ਸਾਹਿਬ ਸੰਸਦੀ ਹਲਕੇ ਦੇ ਕਈ ਪਿੰਡ ਅਤੇ ਕਸਬੇ ਪੂਰੀ ਤਰ੍ਹਾਂ ਜਲ-ਥਲ ਹੋ ਗਏ ਹਨ। ਘਰਾਂ, ਖੇਤਾਂ, ਫਸਲਾਂ ਅਤੇ ਜਾਨਵਰਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਲੋਕ ਬੇਘਰ ਹੋਏ ਪਏ ਹਨ ਅਤੇ ਰੋਜ਼ਾਨਾ ਦੀ ਜ਼ਿੰਦਗੀ ਬਹੁਤ ਹੀ ਮੁਸ਼ਕਲ ਬਣ ਗਈ ਹੈ। ਇਹ ਉਹੀ ਖਡੂਰ ਸਾਹਿਬ ਹਲਕਾ ਹੈ ਜਿੱਥੋਂ ਦੇ ਲੋਕਾਂ ਨੇ ਲੱਖਾਂ ਵੋਟਾਂ ਨਾਲ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਲੋਕ ਸਭਾ ਲਈ ਆਪਣਾ ਨੁਮਾਇੰਦਾ ਚੁਣਿਆ ਸੀ। ਲੋਕਾਂ ਦਾ ਵਿਸ਼ਵਾਸ ਇਸ ਗੱਲ 'ਤੇ ਸੀ ਕਿ ਉਹਨਾਂ ਦਾ ਚੁਣਿਆ ਹੋਇਆ ਸੰਸਦ ਮੈਂਬਰ ਹਰ ਸੰਕਟ ਦੀ ਘੜੀ ਵਿੱਚ ਉਹਨਾਂ ਦੇ ਨਾਲ ਖੜ੍ਹਾ ਰਹੇਗਾ। ਪਰ ਦੁੱਖ ਦੀ ਗੱਲ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਪਿਛਲੇ ਲਗਭਗ ਤਿੰਨ ਸਾਲਾਂ ਤੋਂ ਨਾਜਾਇਜ਼ ਤੌਰ 'ਤੇ NSA ਅਧੀਨ ਡਿਬਰੂਗੜ੍ਹ ਜੇਲ ਵਿੱਚ ਬੰਦ ਹਨ। ਅੱਜ ਜਦੋਂ ਹਲਕੇ ਦੇ ਲੋਕ ਹੜ੍ਹਾਂ ਕਾਰਨ ਸਭ ਤੋਂ ਵੱਧ ਪੀੜਤ ਹਨ, ਉਹਨਾਂ ਨੂੰ ਆਪਣੇ MP ਦੇ ਸਹਾਰੇ ਅਤੇ ਮੌਜੂਦਗੀ ਦੀ ਤੁਰੰਤ ਲੋੜ ਹੈ। ਲੋਕਤੰਤਰ ਦਾ ਮੂਲ ਭਾਵ ਹੀ ਇਹ ਹੈ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਉਹਨਾਂ ਦੀਆਂ ਮੁਸੀਬਤਾਂ ਵਿੱਚ ਉਹਨਾਂ ਦੇ ਨਾਲ ਖੜ੍ਹੇ ਹੋਣ। ਇਸ ਲਈ ਅਸੀਂ ਤੁਹਾਡੇ ਕੋਲ ਹੇਠ ਲਿਖੀ ਮੰਗ ਕਰਦੇ ਹਾਂ :-

1. ਘੱਟੋ-ਘੱਟ ਇੱਕ ਮਹੀਨੇ ਦੀ ਪੈਰੋਲ ਦਿੱਤੀ ਜਾਵੇ ਤਾਂ ਜੋ ਭਾਈ ਅੰਮ੍ਰਿਤਪਾਲ ਸਿੰਘ ਜੀ ਆਪਣੇ ਸੰਸਦੀ ਹਲਕੇ ਖਡੂਰ ਸਾਹਿਬ ਵਿੱਚ ਆ ਕੇ ਸਿੱਧੇ ਤੌਰ 'ਤੇ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਸਥਿਤੀ ਦਾ ਜਾਇਜ਼ਾ ਲੈ ਸਕਣ, ਰਾਹਤ ਕਾਰਜਾਂ ਦੀ ਨਿਗਰਾਨੀ ਕਰ ਸਕਣ ਅਤੇ ਲੋਕਾਂ ਨੂੰ ਹੌਸਲਾ ਦੇ ਸਕਣ।
2. ਸੰਸਦ ਮੈਂਬਰਾਂ ਲਈ ਨਿਰਧਾਰਿਤ MPLADS ਫੰਡ ਤੁਰੰਤ ਜਾਰੀ ਕੀਤੇ ਜਾਣ। ਇਹ ਰਕਮ ਖਡੂਰ ਸਾਹਿਬ ਹਲਕੇ ਵਿੱਚ ਹੜ੍ਹ-ਪੀੜਤ ਲੋਕਾਂ ਦੀਆਂ ਮੁਸ਼ਕਿਲਾਂ ਦੂਰ ਕਰਨ, ਟੁੱਟੇ ਘਰਾਂ ਦੀ ਮੁਰੰਮਤ, ਸਕੂਲਾਂ ਅਤੇ ਸਿਹਤ ਸਹੂਲਤਾਂ ਦੀ ਬਹਾਲੀ ਅਤੇ ਹੋਰ ਰਾਹਤ ਕਾਰਜਾਂ ਵਿੱਚ ਵਰਤੀ ਜਾ ਸਕੇ।
3. ਹੜ੍ਹਾਂ ਕਾਰਨ ਪੰਜਾਬ ਭਰ ਵਿੱਚ ਹੋਈ ਭਾਰੀ ਤਬਾਹੀ ਨੂੰ ਧਿਆਨ ਵਿੱਚ ਰੱਖਦਿਆਂ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਰਾਹਤ ਪੈਕੇਜ ਦਾ ਐਲਾਨ ਕੀਤਾ ਜਾਵੇ। ਇਹ ਪੈਕੇਜ ਸਿਰਫ਼ ਖਡੂਰ ਸਾਹਿਬ ਹੀ ਨਹੀਂ, ਸਗੋਂ ਪੂਰੇ ਪੰਜਾਬ ਦੇ ਹੜ੍ਹ-ਪ੍ਰਭਾਵਿਤ ਇਲਾਕਿਆਂ ਲਈ ਲੋਕਾਂ ਦੀ ਪੁਨਰਵਾਸ, ਖੇਤੀਬਾੜੀ ਦੀ ਬਹਾਲੀ, ਢਾਂਚਾਗਤ ਨੁਕਸਾਨ ਦੀ ਮੁਰੰਮਤ ਅਤੇ ਆਮ ਜਨਤਾ ਨੂੰ ਰਾਹਤ ਪਹੁੰਚਾਉਣ ਲਈ ਬਹੁਤ ਹੀ ਜ਼ਰੂਰੀ ਹੈ।

ਇਸ ਲਈ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਇਸ ਗੰਭੀਰ ਘੜੀ ਵਿੱਚ ਆਪਣੇ ਹਲਕੇ ਦੇ ਲੋਕਾਂ ਦੇ ਵਿਚਕਾਰ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇਹ ਨਾ ਸਿਰਫ਼ ਲੋਕਾਂ ਨੂੰ ਤੁਰੰਤ ਸਹਾਇਤਾ ਪਹੁੰਚਾਉਣ ਵਿੱਚ ਮੱਦਦਗਾਰ ਹੋਵੇਗਾ, ਸਗੋਂ ਉਹਨਾਂ ਦੇ ਲੋਕਤੰਤਰ 'ਤੇ ਵਿਸ਼ਵਾਸ ਨੂੰ ਵੀ ਮਜ਼ਬੂਤ ਕਰੇਗਾ। ਅਸੀਂ ਉਮੀਦ ਕਰਦੇ ਹਾਂ ਕਿ ਆਪ ਜੀ ਉਪਰੋਕਤ ਮੰਗਾਂ ਨੂੰ ਗਹਿਰਾਈ ਨਾਲ ਵਾਚਦੇ ਹੋਏ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਤੁਰੰਤ ਰਾਹਤ ਪ੍ਰਦਾਨ ਕਰੋਗੇ।

ਧੰਨਵਾਦ ਸਹਿਤ।

ਆਪ ਜੀ ਦੇ ਸ਼ੁਭਚਿੰਤਕ,
ਬਾਪੂ ਤਰਸੇਮ ਸਿੰਘ (ਪਿਤਾ ਭਾਈ ਅੰਮ੍ਰਿਤਪਾਲ ਸਿੰਘ)
ਅਤੇ ਸਮੂਹ ਵੋਟਰ ਸਾਹਿਬਾਨ (ਲੋਕ ਸਭਾ ਹਲਕਾ ਖਡੂਰ ਸਾਹਿਬ)
ਪੰਜਾਬ।

**ਅੰਮ੍ਰਿਤਸਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਸੰਸਦੀ ਹਲਕੇ ਵਿੱਚ ਆਈਆਂ ਭਿਆਨਕ ਹੜ੍ਹਾਂ ਨੇ ਜਿੱਥੇ ਲੋਕਾਂ ਦੇ ਘਰ, ਖੇਤ, ਫਸਲਾਂ ਅਤੇ ਪਸ਼ੂ ਤਬਾਹ ਕੀਤੇ ਹਨ, ਉਥੇ ਹੀ ਆਮ ਜਨਤਾ ਨੂੰ ਰੋਜ਼ਾਨਾ ਦੀ ਜ਼ਿੰਦਗੀ ਲਈ ਭਾਰੀ ਮੁਸੀਬਤ ਵਿੱਚ ਧੱਕ ਦਿੱਤਾ ਹੈ। ਇਨ੍ਹਾਂ ਹਾਲਾਤਾਂ ਨੂੰ ਦੇਖਦਿਆਂ ਅੱਜ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਭਾਰਤ ਦੇ ਗ੍ਰਹਿ ਮੰਤਰੀ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵੱਲੋਂ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਖਾਸ ਤੌਰ 'ਤੇ ਮੰਗ ਕੀਤੀ ਗਈ ਕਿ ਖਡੂਰ ਸਾਹਿਬ ਤੋਂ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਘੱਟੋ-ਘੱਟ ਇੱਕ ਮਹੀਨੇ ਦੀ ਪੈਰੋਲ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਹਲਕੇ ਦੇ ਲੋਕਾਂ ਵਿੱਚ ਆ ਕੇ ਸਿੱਧਾ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਪਰਿਵਾਰਾਂ ਦੀ ਸਥਿਤੀ ਦਾ ਜਾਇਜ਼ਾ ਲੈ ਸਕਣ, ਰਾਹਤ ਕਾਰਜਾਂ ਦੀ ਨਿਗਰਾਨੀ ਕਰ ਸਕਣ ਅਤੇ ਲੋਕਾਂ ਨੂੰ ਹੌਂਸਲਾ ਦੇ ਸਕਣ। ਇਸ ਵਕਤ ਮਾਤਾ ਬਲਵਿੰਦਰ ਕੌਰ ਜੀ ਦੇ ਨਾਲ ਚਾਚਾ ਪ੍ਰਗਟ ਸਿੰਘ ਜੀ ਜੱਲੂਪੁਰ, ਭਾਈ ਕੁਲਵੰਤ ਸਿੰਘ ਜੀ ਜੱਲੂਪੁਰ, ਬਾਬਾ ਬਿਬੇਕ ਸਿੰਘ ਜੰਡਿਆਲਾ ਗੁਰੂ, ਭਾਈ ਪ੍ਰਗਟ ਸਿੰਘ ਮੀਆਂਵਿੰਡ, ਭਾਈ ਵਿਕਰਮ ਸਿੰਘ ਨਾਰਾਇਣਗੜ ਅਤੇ ਜਿਲਾ ਅੰਮ੍ਰਿਤਸਰ ਦੇ ਅਬਜ਼ਰਵਰ ਭਾਈ ਅਮਨਦੀਪ ਸਿੰਘ ਡੱਡੂਆਣਾਂ ਵੀ ਹਾਜਰ ਸਨ। ਮੰਗ ਪੱਤਰ ਵਿੱਚ ਇਹ ਵੀ ਸਾਫ਼ ਸ਼ਬਦਾਂ ਵਿੱਚ ਕਿਹਾ ਗਿਆ ਕਿ ਲੋਕਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਇਸ ਭਰੋਸੇ ਨਾਲ ਚੁਣਿਆ ਸੀ ਕਿ ਉਹ ਹਰ ਸੰਕਟ ਦੀ ਘੜੀ ਵਿੱਚ ਉਹਨਾਂ ਦੇ ਨਾਲ ਖੜੈ ਰਹਿਣਗੇ, ਪਰ ਲੱਗਭੱਗ ਤਿੰਨ ਸਾਲਾਂ ਤੋਂ ਉਹਨਾਂ ਨੂੰ NSA ਅਧੀਨ ਜੇਲ੍ਹ ਵਿੱਚ ਰੱਖਣ ਕਾਰਨ ਅੱਜ ਲੋਕ ਆਪਣੇ ਹੀ ਚੁਣੇ ਹੋਏ ਨੁਮਾਇੰਦੇ ਤੋਂ ਵਿੱਛੜੇ ਹੋਏ ਹਨ। ਇਸ ਤੋਂ ਇਲਾਵਾ ਮੰਗ ਕੀਤੀ ਗਈ ਕਿ ਸੰਸਦ ਮੈਂਬਰਾਂ ਲਈ ਨਿਰਧਾਰਤ MPLADS ਫੰਡ ਤੁਰੰਤ ਜਾਰੀ ਕੀਤੇ ਜਾਣ ਤਾਂ ਜੋ ਇਹ ਰਕਮ ਖਡੂਰ ਸਾਹਿਬ ਹਲਕੇ ਵਿੱਚ ਹੜ ਪੀੜਤ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਨ, ਟੁੱਟੇ ਘਰਾਂ ਦੀ ਮੁਰੰਮਤ, ਸਿਹਤ ਅਤੇ ਸਿੱਖਿਆ ਸਹੂਲਤਾਂ ਦੀ ਬਹਾਲੀ ਅਤੇ ਹੋਰ ਰਾਹਤ ਕਾਰਜਾਂ ਵਿੱਚ ਵਰਤੀ ਜਾ ਸਕੇ। ਨਾਲ ਹੀ ਕੇਂਦਰ ਸਰਕਾਰ ਵੱਲੋਂ ਪੰਜਾਬ ਭਰ ਦੀ ਭਿਆਨਕ ਸਥਿਤੀ ਨੂੰ ਦੇਖਦਿਆਂ ਇਕ ਵਿਸ਼ੇਸ਼ ਰਾਹਤ ਪੈਕੇਜ ਦਾ ਐਲਾਨ ਕਰਨ ਦੀ ਮੰਗ ਵੀ ਰੱਖੀ ਗਈ ਹੈ, ਤਾਂ ਜੋ ਪੂਰੇ ਪੰਜਾਬ ਦੇ ਹੜ-ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੀ ਪੁਨਰਵਾਸ, ਖੇਤੀਬਾੜੀ ਦੀ ਬਹਾਲੀ ਅਤੇ ਢਾਂਚਾਗਤ ਨੁਕਸਾਨ ਦੀ ਮੁਰੰਮਤ ਲਈ ਤੁਰੰਤ ਸਹਾਇਤਾ ਪਹੁੰਚ ਸਕੇ। ਲੋਕਤੰਤਰ ਦੇ ਮੂਲ ਭਾਵਾਂ ਨੂੰ ਯਾਦ ਦਿਵਾਉਂਦੇ ਹੋਏ ਇਸ ਮੰਗ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਹੜਾਂ ਨਾਲ ਤਬਾਹ ਹੋਏ ਲੋਕਾਂ ਨੂੰ ਆਪਣੇ ਚੁਣੇ ਨੁਮਾਇੰਦੇ ਦੀ ਮੌਜੂਦਗੀ ਦੀ ਬਹੁਤ ਜ਼ਰੂਰੀ ਲੋੜ ਹੈ ਅਤੇ ਜੇਕਰ ਇਸ ਗੰਭੀਰ ਘੜੀ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਆਪਣੇ ਹਲਕੇ ਦੇ ਲੋਕਾਂ ਨਾਲ ਮਿਲਣ ਅਤੇ ਉਹਨਾਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣ ਦੀ ਆਜ਼ਾਦੀ ਦਿੱਤੀ ਜਾਂਦੀ ਹੈ ਤਾਂ ਇਹ ਨਾ ਸਿਰਫ਼ ਰਾਹਤ ਪਹੁੰਚਾਉਣ ਲਈ ਮੱਦਦਗਾਰ ਹੋਵੇਗਾ ਸਗੋਂ ਲੋਕਾਂ ਦੇ ਲੋਕਤੰਤਰ 'ਤੇ ਟੁੱਟੇ ਵਿਸ਼ਵਾਸ ਨੂੰ ਵੀ ਮੁੜ ਮਜ਼ਬੂਤ ਕਰੇਗਾ।

**ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵੱਲੋਂ ਡੀ ਸੀ ਅੰਮ੍ਰਿਤਸਰ ਨੂੰ ਦਿੱਤਾ ਗਿਆ ਮੰਗ ਪੱਤਰ**

ਆਵਾਜ਼ਿ ਕੌਮ AWAZE QAUM International Newspaper & WEB TV

# ਪਾਕਿਸਤਾਨ ਦੇ ਮੰਤਰੀ ਵੱਲੋਂ ਹੜ੍ਹ ਨੂੰ "ਰੱਬੀ ਰਹਿਮਤ" ਦੱਸਣਾ ਅਵਾਮ ਪ੍ਰਤੀ ਰਾਜਨੀਤਿਕ ਬੇਦਰਦੀ ਦਾ ਸਿਖਰ : ਪ੍ਰੋ. ਸਰਚਾਂਦ ਸਿੰਘ ਖਿਆਲਾ

## ਮੁੱਖ ਮੰਤਰੀ ਮਾਨ ਨੇ ਪਾਰਟੀ ਵਰਕਰਾਂ ਨੂੰ ਹੜ੍ਹ ਪੀੜਤ ਵਜੋਂ ਰਾਜਨੀਤਿਕ ਡਰਾਮੇਬਾਜ਼ੀ ਕਰਕੇ ਅਸਲ ਪੀੜਤ ਲੋਕਾਂ ਦੇ ਦੁੱਖਾਂ ਦਾ ਮਜ਼ਾਕ ਉਡਾਇਆ

## ☛ ਕੇਂਦਰ ਸਰਕਾਰ ਪੰਜਾਬ ਦੇ ਹੜ੍ਹ ਪੀੜਤਾਂ ਦੀ ਤੁਰੰਤ ਬਾਂਹਾਂ ਫੜੇ, ਬਾਅਦ ਦਾ ਕੋਈ ਵੀ ਕਦਮ 'ਈਦ ਤੋਂ ਬਾਅਦ ਤੂੰਬਾ ਫੂਕਣ' ਦੇ ਬਰਾਬਰ ਹੋਵੇਗਾ



**ਅੰਮ੍ਰਿਤਸਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਵੱਲੋਂ ਹੜ੍ਹ ਪੀੜਤਾਂ ਬਾਰੇ ਦਿੱਤੇ ਗਏ ਬੇਦਿਲ ਤੇ ਗੈਰ-ਜ਼ਿੰਮੇਵਾਰ ਬਿਆਨ 'ਤੇ ਗਹਿਰਾ ਰੋਸ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਪਾਕਿਸਤਾਨ ਦੇ ਲੱਖਾਂ ਲੋਕ ਹੜ੍ਹ ਦੀ ਭਿਆਨਕ ਮਾਰ ਹੇਠ ਆਪਣੇ ਘਰ-ਬਾਰ, ਖੇਤ-ਖਲਿਹਾਣ, ਬੱਚਿਆਂ ਦੇ ਸਕੂਲ ਅਤੇ ਬਜ਼ੁਰਗਾਂ ਦੀਆਂ ਯਾਦਾਂ ਨੂੰ ਪਾਣੀਆਂ 'ਚ ਡੁੱਬਦੇ ਵੇਖ ਕੇ ਰੋ ਰਹੇ ਹਨ, ਉਸ ਵੇਲੇ ਇੱਕ ਜ਼ਿੰਮੇਵਾਰ ਮੰਤਰੀ ਵੱਲੋਂ ਹੜ੍ਹ ਨੂੰ "ਰੱਬੀ ਰਹਿਮਤ" ਦੱਸਣਾ ਮਨੁੱਖਤਾ ਲਈ ਸਭ ਤੋਂ ਵੱਡਾ ਤਮਾਚਾ ਹੈ। "ਲੋਕਾਂ ਨੂੰ ਪਾਣੀ ਘਰਾਂ 'ਚ ਭਾਂਡਿਆਂ ਵਿੱਚ ਸਟੋਰ ਕਰਨ ਦੀ ਮੂਰਖਤਾਪੂਰਨ ਸਲਾਹ ਅਤੇ ਪੀੜਤ ਲੋਕਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਦਾ ਕੰਮ ਸਿਰਫ਼ ਪਾਕਿਸਤਾਨ ਵਰਗੇ ਦੇਸ਼ ਵਿੱਚ ਹੀ ਕੀਤਾ ਜਾ ਸਕਦਾ ਹੈ। ਇਹ ਬਿਆਨ ਸਾਬਤ ਕਰਦਾ ਹੈ ਕਿ ਪਾਕਿਸਤਾਨ ਦੀ ਲੀਡਰਸ਼ਿਪ ਵਿੱਚ ਸੰਕਟ-ਕਾਲ 'ਚ ਵੀ ਆਪਣੀ ਅਵਾਮ ਦੇ ਦੁੱਖ-ਦਰਦ ਪ੍ਰਤੀ ਨਾ ਕੋਈ ਸੰਵੇਦਨਸ਼ੀਲਤਾ ਹੈ ਅਤੇ ਨਾ ਹੀ ਰਾਜਨੀਤਿਕ ਜ਼ਿੰਮੇਵਾਰੀ। ਪ੍ਰੋ. ਖਿਆਲਾ ਨੇ ਪਾਕਿਸਤਾਨੀ ਹਕੂਮਤ ਅਤੇ ਮੀਡੀਆ ਵੱਲੋਂ ਭਾਰਤ 'ਤੇ ਹੜ੍ਹਾਂ ਲਈ ਜ਼ਿੰਮੇਵਾਰ ਠਹਿਰਾਉਣ 'ਤੇ ਵੀ ਸਖ਼ਤ ਹੈਰਾਨੀ ਜਤਾਈ ।ਉਨ੍ਹਾਂ ਨੇ ਕਿਹਾ ਕਿ ਦਰਿਆਈ ਪਾਣੀਆਂ ਦੇ ਵਹਾਅ ਬਾਰੇ ਭਾਰਤ ਵੱਲੋਂ ਜਾਣਕਾਰੀ ਨਾ ਦੇਣ ਦੇ ਲਗਾਏ ਜਾ ਰਹੇ ਇਲਜ਼ਾਮ ਪੂਰੀ ਤਰ੍ਹਾਂ ਤੱਥਾਂ ਤੋਂ ਕੋਹਾਂ ਦੂਰ ਅਤੇਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਪਹਿਲਗਾਮ ਵਿੱਚ 26 ਨਿਰਦੋਸ਼ ਭਾਰਤੀ ਨਾਗਰਿਕਾਂ ਦੀ ਪਾਕਿਸਤਾਨ-ਪ੍ਰੋਤਸਾਹਿਤ ਅੱਤਵਾਦੀਆਂ ਵੱਲੋਂ ਕੀਤੀ ਨਿਰਦਈ ਹੱਤਿਆ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਰੱਦ ਕਰ ਦਿੱਤਾ ਸੀ। ਇਸ ਦੇ ਬਾਵਜੂਦ ਵੀ ਭਾਰਤ ਨੇ ਮਨੁੱਖਤਾ ਦੇ ਆਧਾਰ 'ਤੇ ਪਾਕਿਸਤਾਨ ਨੂੰ ਨਿਰੰਤਰ ਦਰਿਆਈ ਪਾਣੀਆਂ ਦੇ ਵਹਾਅ ਅਤੇ ਸੰਭਾਵੀ ਹੜ੍ਹਾਂ ਬਾਰੇ ਆਗਾਹ ਕੀਤਾ। ਇਸਲਾਮਾਬਾਦ ਵਿਚ ਭਾਰਤੀ ਹਾਈ ਕਮਿਸ਼ਨ ਵੱਲੋਂ 25 ਅਗਸਤ ਤੋਂ 3 ਵਾਰ ਤਵੀ ਦਰਿਆ ਵਿੱਚ ਹੜ੍ਹਾਂ ਬਾਰੇ ਅਲਰਟ ਜਾਰੀ ਕਰਨ ਤੋਂ ਇਲਾਵਾ ਭਾਰਤ ਨੇ ਸਤਲੁਜ, ਬਿਆਸ ਅਤੇ ਰਾਵੀ ਦਰਿਆ ਬਾਰੇ ਵੀ ਸਮੇਂ-ਸਿਰ ਚੇਤਾਵਨੀ ਦਿੱਤੀ। ਜਿਸ ਤੋਂ ਬਾਅਦ ਹੀ ਪਾਕਿਸਤਾਨੀ ਸਰਕਾਰ ਨੇ ਪੰਜਾਬ ਤੇ ਸਿੰਧ ਤੋਂ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਵਲ ਕੱਢਣਾ ਸ਼ੁਰੂ ਕੀਤਾ। ਇਹ ਸਾਰੇ ਤੱਥ ਸਾਬਤ ਕਰਦੇ ਹਨ ਕਿ ਭਾਰਤ ਨੇ ਮਨੁੱਖੀ ਸੰਵੇਦਨਸ਼ੀਲਤਾ ਦੇ ਆਧਾਰ 'ਤੇ ਪਾਕਿਸਤਾਨ ਨੂੰ ਨਿਰੰਤਰ ਚੇਤਾਵਨੀਆਂ ਅਤੇ ਡਾਟਾ ਮੁਹੱਈਆ ਕਰਵਾ ਕੇ ਆਪਣੇ ਪੜੋਸੀ ਦੇਸ਼ ਦੇ ਅਵਾਮ ਦੀ ਜਾਨ ਮਾਲ ਦੀ ਰੱਖਿਆ ਲਈ ਮਨੁੱਖਤਾ-ਅਧਾਰਿਤ ਰਵੱਈਆ ਅਪਣਾਇਆ ਹੈ। ਇਸ ਮੌਕੇ ਪ੍ਰੋ. ਖਿਆਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੜੀ ਆਲੋਚਨਾ ਕਰਦਿਆਂ ਕਿਹਾ ਕਿ ਜਿੱਥੇ ਪੀੜਤ ਪਰਿਵਾਰ ਆਪਣੀਆਂ ਛੱਤਾਂ ਤੋਂ ਚੀਕਾਂ ਮਾਰਦੇ ਹਨ, ਉੱਥੇ ਮੁੱਖ ਮੰਤਰੀ ਮਾਨ ਵੱਲੋਂ ਆਪਣੇ ਹੀ ਪਾਰਟੀ ਵਰਕਰਾਂ ਨੂੰ ਹੜ੍ਹ ਪੀੜਤਾਂ ਵਜੋਂ ਕੀਤੀ ਗਈ ਰਾਜਨੀਤਿਕ ਡਰਾਮੇਬਾਜ਼ੀ ਨੇ ਅਸਲ ਪੀੜਤ ਲੋਕਾਂ ਦੇ ਦੁੱਖਾਂ ਦਾ ਮਜ਼ਾਕ ਉਡਾਇਆ ਹੈ। ਇਹ ਰਾਜਨੀਤਿਕ ਡਰਾਮੇਬਾਜ਼ੀ ਪੀੜਤਾਂ ਦੇ ਮਨੋਬਲ ਨੂੰ ਕੁਚਲਣ ਵਾਲੀ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਮਾਨ ਸਰਕਾਰ ਹੜ੍ਹ ਰੋਕਥਾਮ ਲਈ ਅਗਾਊਂ ਪ੍ਰਬੰਧ ਨਾ ਕਰਨ ਦੀ ਆਪਣੀ ਨਾਕਾਮੀ ਨੂੰ ਸਵੀਕਾਰ ਕਰਦਿਆਂ ਲੋਕਾਂ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ ਅਤੇ ਮੁੱਖ ਮੰਤਰੀ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਪ੍ਰੋ. ਖਿਆਲਾ ਨੇ ਹਰਿਆਣਾ ਸਰਕਾਰ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਪੰਜ ਕਰੋੜ ਰੁਪਏ ਦੀ ਸਹਾਇਤਾ ਨੂੰ ਲੋਕਾਂ ਦੇ ਦੁੱਖ-ਦਰਦ ਨਾਲ ਖਿਲਵਾੜ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹਰਿਆਣਾ, ਜੋ ਪੰਜਾਬ ਦੇ ਪਾਣੀਆਂ ਦੀ ਸਾਲਾਂ ਤੋਂ ਗੈਰ-ਕਾਨੂੰਨੀ ਵਰਤੋਂ ਕਰਦਾ ਆ ਰਿਹਾ ਹੈ ਅਤੇ ਜਿਸ ਉੱਤੇ ਪਾਣੀ ਦੀ ਰਾਇਲਟੀ ਹੀ 5 ਲੱਖਾਂ ਕਰੋੜ ਤੋਂ ਵੱਧ ਬਣਦੀ ਹੈ, ਉਸ ਵੱਲੋਂ ਸਿਰਫ਼ ਪੰਜ ਕਰੋੜ ਦੇਣਾ ਮਜ਼ਾਕ ਤੋਂ ਘੱਟ ਨਹੀਂ। ਅੰਤ ਵਿੱਚ, ਪ੍ਰੋ. ਖਿਆਲਾ ਨੇ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਤੁਰੰਤ ਪੰਜਾਬ ਦੇ ਹੜ੍ਹ-ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰੇ ਅਤੇ ਪੀੜਤਾਂ ਦੀਆਂ ਬਾਂਹਾਂ ਫੜੇ ਅਤੇ ਹਰੇਕ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਏ। ਉਨ੍ਹਾਂ ਕਿਹਾ ਕਿ "ਪੰਜਾਬ ਇਸ ਵੇਲੇ ਇਕ ਵੱਡੀ ਕੁਦਰਤੀ ਆਫ਼ਤ ਨਾਲ ਜੂਝ ਰਿਹਾ ਹੈ। ਜੇ ਕੇਂਦਰ ਨੇ ਇਸ ਸੰਕਟ ਦੀ ਘੜੀ 'ਚ ਤੁਰੰਤਸਾਥ ਨਾ ਦਿੱਤਾ ਤਾਂ ਬਾਅਦ ਵਿਚ ਉਠਾਇਆ ਗਿਆ ਕੋਈ ਵੀ ਕਦਮ 'ਈਦ ਤੋਂ ਬਾਅਦ ਤੂੰਬਾ ਫੂਕਣ' ਦੇ ਬਰਾਬਰ ਹੋਵੇਗਾ। ਪੰਜਾਬੀ ਜਨਤਾ ਨੂੰ ਨਾ ਸਿਰਫ਼ ਤੁਰੰਤ ਮਦਦ ਦੀ ਲੋੜ ਹੈ, ਸਗੋਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੇਂਦਰ ਉਹਨਾਂ ਦੇ ਦੁੱਖ-ਸੁੱਖ ਵਿੱਚ ਸਦਾ ਨਾਲ ਖੜ੍ਹਾ ਹੈ।"

ਆਵਾਜ਼ਿ ਕੌਮ AWAZE QAUM International Newspaper & WEB TV

# ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਐਡਵੋਕੇਟ ਜੈਮਲ ਸਿੰਘ ਨਾਗੋਕੇ ਵਲੋਂ ਲੋੜਵੰਦ ਨੂੰ ਜਰੂਰੀ ਸਮਾਨ ਦਿੱਤਾ



**ਚੌਕ ਮਹਿਤਾ, 3 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਕਸਬਾ ਸਠਿਆਲਾ ਵਿਖੇ ਇਕ ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਡਿੱਗਣ 'ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਐਡਵੋਕੇਟ ਜੈਮਲ ਸਿੰਘ ਨਾਗੋਕੇ ਵਲੋਂ ਗਰੀਬ ਪਰਿਵਾਰ ਨੂੰ ਘਰੇਲੂ ਵਸਤਾਂ ਸਮਾਨ ਦਿੱਤਾ ਗਿਆ। ਇਸ ਮੌਕੇ ਤੇ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਵਾਰਿਸ ਪੰਜਾਬ ਦੇ ਐਡਵੋਕੇਟ ਜੈਮਲ ਸਿੰਘ ਨਾਗੋਕੇ ਵਲੋਂ ਸ਼ੋਸ਼ਲ ਮੀਡੀਆ ਤੇ ਰਾਜੂ ਪੁੱਤਰ ਬਲਬੀਰ ਸਿੰਘ ਵਾਸੀ ਸਠਿਆਲਾ ਦੇ ਘਰ ਦੀਆਂ ਤਸਵੀਰਾਂ ਤੋਂ ਪ੍ਰਭਾਵਿਤ ਹੋ ਕੇ ਘਰੇਲੂ ਵਸਤਾਂ ਦਾ ਸਮਾਨ ਮਹੁੱਈਆ ਕੀਤਾ ਗਿਆ। ਉਨ੍ਹਾਂ ਨੇ ਗਰੀਬ ਪਰਿਵਾਰ ਨੂੰ ਹੌਸਲਾ ਦਿੰਦਿਆ ਕਿਹਾ ਕਿ ਹੋਰ ਮਾਲੀ ਸਹਾਇਤਾ ਵੀ ਕੀਤੀ ਜਾਵੇਗੀ। ਇਸ ਮੌਕੇ ਤੇ ਐਡਵੋਕੇਟ ਵਿਸ਼ਾਲ ਸਿੰਘ ਠਾਕਰ , ਪ੍ਰਧਾਨ ਗੁਰਵਿੰਦਰ ਸਿੰਘ ਗਿੰਦਰ ਸਠਿਆਲਾ, ਅਵਤਾਰ ਸਿੰਘ, ਪ੍ਰਕਾਸ਼ ਸਿੰਘ, ਸਰਬਜੀਤ ਸਿੰਘ, ਜਗਜੀਤ ਸਿੰਘ, ਜਸ਼ਨਪ੍ਰੀਤ ਸਿੰਘ, ਜੋਬਨਪ੍ਰੀਤ ਸਿੰਘ, ਸੁਖਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਅੰਮ੍ਰਿਤਪਾਲ ਸਿੰਘ, ਹਰਪਾਲ ਸਿੰਘ ਕਾਲਾ, ਹਰਜੀਤ ਸਿੰਘ, ਕੁਲਬੀਰ ਸਿੰਘ, ਗੁਰਜੀਤ ਸਿੰਘ ਰਾਜਵਿੰਦਰ ਸਿੰਘ ਆਦਿ ਵਲੋਂ ਪੀੜਤ ਪਰਿਵਾਰ ਦੀ ਮੁਸ਼ਕਲ ਦੀ ਘੜੀ'ਚ ਐਡਵੋਕੇਟ ਜੈਮਲ ਸਿੰਘ ਨਾਗੋਕੇ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV


Singh Sahib Giani Malkit Singh Ji
Head Granthi Sri Akaal Takhat Sahib
Contact No -IND +91 98552 03174
America -+1(856)-473-8596
29 - 31 August
Nanak Naam Jahaaj Gurdwara
1080 Westside Ave , Jersey City , NJ 07306
5&7 Septmber
Mata GUJRI Sikh Society
11 Ellison Dr,cherry Hill,NJ08003
11 September
Guru Nanak Sikh Heritage
29 wyekoff Mills Rd,Monroe ,NJ09931
12-14 September
Philadelphia Sikh Society
6706 Garden CT Rd, Millbourne, PA19082
21 September
Garden state Sikh Association
977 Washington Vally Rd ,Basking Ridge,NJ07920
26-28 September
Guru Nanak Mission Gurdwara
138 Bauer Dr, Oakland,NJ08436
For More Information
Contact-Bhai Karamjit Singh Ji Shant
(201)694-1007
ਆਵਾਜ਼ਿ ਕੌਮ
AWAZE QAUM
International Newspaper & WEB TV

### ਹੜ ਪੀੜਤਾਂ ਦੀ ਸਹਾਇਤਾ ਲਈ

# ਗੁਰਦੁਆਰਾ ਟਾਹਲੀ ਸਾਹਿਬ ਭੰਗਾਲੀ ਵਾਲਿਆਂ ਦੀ ਸੰਪਰਦਾਇ ਆਈ ਅੱਗੇ



**ਚੌਕ ਮਹਿਤਾ, 2 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਹੜ ਪੀੜਤਾਂ ਲਈ ਮੁਹਰੇ ਆਏ ਸੰਤ ਬਾਬਾ ਮਨਮੋਹਨ ਸਿੰਘ, ਸੰਤ ਬਾਬਾ ਲਖਬੀਰ ਸਿੰਘ ਮੁੱਖੀ ਗੁਰਦੁਆਰਾ ਟਾਹਲੀ ਸਾਹਿਬ ਭੰਗਾਲੀ ਕਲਾ ਵਾਲਿਆਂ ਦੀ ਸੰਪਰਦਾਇ, ਸੰਤ ਬਾਬਾ ਲਖਬੀਰ ਸਿੰਘ, ਸੰਤ ਬਾਬਾ ਮਨਮੋਹਨ ਸਿੰਘ ਦੀ ਅਗਵਾਈ ਹੇਠ ਅਤੇ ਪਿੰਡ ਦੀ ਮੌਜੂਦਾ ਪੰਚਾਇਤ ਅਤੇ ਸਾਬਕਾ ਪੰਚਾਇਤ , ਐਨ ਆਰ ਆਈ ਅਤੇ ਸਮੂਹ ਇਲਾਕੇ ਦੇ ਸਹਿਯੋਗ ਨਾਲ ਹੜ ਪੀੜਤਾਂ ਲਈ ਰਸਤਾਂ, ਦੁੱਧ, ਪਾਣੀ, ਲੰਗਰ, ਬੈਰਡ, ਹੋਰ ਰਸਤਾਂ ਅਤੇ ਡੰਗਰਾਂ ਲਈ ਤੂੜੀ, ਆਚਾਰ ਹਰਿਆ ਆਦਿ ਵਸਤੂਆਂ ਅਜਨਾਲਾ ਇਲਾਕੇ ਵਿੱਚ ਨੌਜਵਾਨਾਂ ਨੇ ਆਪਣੀ ਕੀਮਤੀ ਜਾਨਾਂ ਪਰਵਾਹ ਨਾ ਕਰਦੇ ਹੋਏ ਡੂੰਘੇ ਪਾਣੀ ਵਿੱਚ ਜਾਕੇ ਸੇਵਾ ਕੀਤੀ ਗਈ। ਇਸ ਮੌਕੇ ਤੇ ਸੰਤ ਬਾਬਾ ਮਨਮੋਹਨ ਸਿੰਘ, ਸੰਤ ਬਾਬਾ ਲਖਬੀਰ ਸਿੰਘ ਜੀ ਨੇ ਸੰਗਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸੇਵਾ ਵਿੱਚ ਤਨ ਮਨ ਧੰਨ ਨਾਲ ਹੜ ਪੀੜਤਾਂ ਲਈ ਸੇਵਾ ਕੀਤੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### 1965 ਅਤੇ 1971 ਯੁੱਧ ਦੇ ਜੰਗੀ ਯੋਧੇ ਸਰਦਾਰ ਪਿਆਰਾ ਸਿੰਘ ਲਹਿਰਕਾ ਦਾ ਨਾਮ

# ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਤੇ ਲਿਖਿਆ ਰਹੇਗਾ : ਸੂਬੇਦਾਰ ਹਰਜੀਤ ਸਿੰਘ ਬਾਬਾ ਬਕਾਲਾ

**ਚੌਕ ਮਹਿਤਾ, 3 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਪਾਹੀ ਸਰਦਾਰ ਪਿਆਰਾ ਸਿੰਘ ਦਾ ਜਨਮ ਮਿਤੀ 10-06-1945 ਨੂੰ ਮਾਤਾ ਲਛਮੀ ਕੌਰ ਅਤੇ ਪਿਤਾ ਸਰਦਾਰ ਬੋਹੜ ਸਿੰਘ ਪਿੰਡ ਲਹਿਰਕਾ, ਤਹਿਸੀਲ ਮਜੀਠਾ ,ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ । ਆਪ ਨੇ ਮੁੱਢਲੀ ਪੜ੍ਹਾਈ ਪਿੰਡ ਲਹਿਰਕਾ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਆਪ ਨੂੰ ਸ਼ੁਰੂ ਤੋਂ ਹੀ ਭਾਰਤੀ ਫੌਜ ਨਾਲ਼ ਬਹੁਤ ਲਗਾਉ ਸੀ ।ਆਪ ਆਪਣੀ ਮਿਹਨਤ ਤੇ ਲਗਨ ਸਦਕਾ ਮਿਤੀ 07-06-1963 ਨੂੰ ਅੰਮ੍ਰਿਤਸਰ ਵਿਖੇ ਭਾਰਤੀ ਫੌਜ ਵਿੱਚ ਭਰਤੀ ਹੋ ਗਏ, ਜਿੱਥੇ ਆਪ ਨੂੰ ਸਿੱਖ ਲਾਈਟ ਇਨਫੈਂਟਰੀ ਟ੍ਰੇਨਿੰਗ ਸੈਂਟਰ ,ਮੇਰਠ, ਯੂ ਪੀ ਵਿਖੇ ਭੇਜ ਦਿੱਤਾ ਗਿਆ ।ਆਪ ਨੂੰ ਆਰਮੀ ਨੰਬਰ 4441557 ਮਿਲਿਆ ।ਆਪ ਨੇ ਬਹੁਤ ਹੀ ਸਖ਼ਤ ਮਿਹਨਤ ਅਤੇ ਦਿਲਚਸਪੀ ਨਾਲ ਟ੍ਰੇਨਿੰਗ ਪੂਰੀ ਕੀਤੀ ।ਮੇਰਠ ਟ੍ਰੇਨਿੰਗ ਸੈਂਟਰ ਵਿਖੇ ਉਸ ਵਕਤ 6 ਸਿੱਖ ਲਾਈਟ ਇਨਫੈਂਟਰੀ ਬਟਾਲੀਅਨ ਦੀ ਸਥਾਪਨਾ 01 ਅਕਤੂਬਰ 1963 ਨੂੰ ਹੋਈ ।ਜਿੱਥੇ ਟ੍ਰੇਨਿੰਗ ਸੈਂਟਰ ਵਿਚ ਹੀ ਆਪ ਨੂੰ 6 ਸਿੱਖ ਲਾਈਟ ਇਨਫੈਂਟਰੀ ਬਟਾਲੀਅਨ ਨੂੰ ਵੰਡ ਦਿੱਤਾ ਗਿਆ। ਬਟਾਲੀਅਨ ਦੀ ਪਹਿਲੀ ਪੋਸਟਿੰਗ ਸ਼ੰਭ ਜੌੜੀਆਂ ਸੈਕਟਰ ਅਖਨੂਰ ਨੇੜੇ ਹੋਈ। ਸਿਪਾਹੀ ਪਿਆਰਾ ਸਿੰਘ ਨੂੰ ਬਰੇਵੋ ਕੰਪਨੀ 6 ਪਲਾਟੂਨ ਵਿੱਚ ਰੱਖਿਆ ਗਿਆ। ਉਸ ਸਮੇਂ ਕੰਪਨੀ ਕਮਾਂਡਰ ਮੇਜਰ ਨੇਗੀ ਸਨ ਕੁਝ ਸਮਾਂ ਪਿਆਰਾ ਸਿੰਘ ਜੰਮੂ ਦੇ ਪਿੰਡ ਕਾਨਾ ਚੱਕ ਇਲਾਕੇ ਵਿੱਚ ਰਹੇ । ਉਸ ਤੋਂ ਬਾਅਦ ਉਹਨਾਂ ਨੂੰ ਪਾਕਿਸਤਾਨ ਬਾਰਡਰ ਨਾਲ ਲੱਗਦੇ ਇਲਾਕੇ ਵਿੱਚ ਭੇਜ ਦਿੱਤਾ । ਬਰੇਵੋ ਕੰਪਨੀ ਮੁਨਾਵਰ ਤਵੀ ਨਦੀ ਪਾਰ ਪੋਸਟਾਂ ਉੱਪਰ ਤੈਨਾਤ ਰਹੀ। ਪਾਕਿਸਤਾਨ ਅਤੇ ਭਾਰਤ ਦੇ ਹਾਲਾਤ ਬਹੁਤ ਤਣਾਅ ਪੂਰਨ ਸਨ। ਮਿਤੀ 14-15 ਅਗਸਤ 1965 ਨੂੰ ਪਾਕਿਸਤਾਨ ਵੱਲੋਂ ਭਾਰਤ ਉੱਪਰ ਪਹਿਲਾਂ ਹਮਲਾ ਕੀਤਾ ਗਿਆ। ਇਸ ਤਰ੍ਹਾਂ 4-5 ਦਿਨਾਂ ਦੇ ਫ਼ਰਕ ਨਾਲ ਕੁੱਲ ਤਿੰਨ ਹਮਲੇ ਹੋਏ ਜਿਨ੍ਹਾਂ ਦਾ ਜਵਾਬ 6 ਸਿੱਖ ਲਾਈਟ ਇਨਫੈਂਟਰੀ ਬਟਾਲੀਅਨ ਦੇ ਜਵਾਨਾਂ ਨੇ ਮੂੰਹ ਤੋੜਵਾਂ ਦਿੱਤਾ। ਥੋੜੇ ਦਿਨਾਂ ਬਾਅਦ ਸੀਜ਼ ਫਾਇਰ ਹੋ ਗਿਆ ,ਜਿਸ ਦੀ ਉਲੰਘਣਾ ਕਰਕੇ ਪਾਕਿਸਤਾਨ ਵੱਲੋਂ ਭਾਰਤ ਫੌਜ ਉੱਪਰ ਮਿਤੀ 01-09-1965 ਰਾਤ ਨੂੰ 10 ਵਜੇ ਦੇ ਕਰੀਬ ਹਵਾਈ ਆਰਟਿਲਰੀ ਅਤੇ ਆਰਮਡ ਦੇ 70 ਟੈਂਕਾਂ ਦਾ ਹਮਲਾ ਕੀਤਾ ਗਿਆ। ਭਾਰਤੀ ਫੌਜ ਵੱਲੋਂ ਮੂੰਹ ਤੋੜਵਾਂ ਜਵਾਬ ਦਿੱਤਾ ਗਿਆ ਅਤੇ ਦੋਹਾਂ ਫੌਜਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਭਾਰਤੀ ਫੌਜ ਹਾਈ ਕਮਾਂਡ ਵੱਲੋਂ ਅਲਟਰਨੇਟਿਵ ਪੁਜੀਸ਼ਨ ਵਿੱਚੋਂ ਲੜਾਈ ਲੜਨ ਦਾ ਆਦੇਸ਼ ਮਿਲਿਆ । ਜਦੋਂ ਸੈਨਿਕ ਅਲਟਰਨੇਟਿਵ ਪੁਜੀਸ਼ਨ ਵਿੱਚ ਜਾਂਦੇ ਸਮੇਂ ਨਦੀ ਪਾਰ ਕਰਨ ਲਈ ਕਿਨਾਰੇ ਉੱਤੇ ਸ਼ਾਮ ਦੇ ਮੂੰਹ ਹਨੇਰੇ ਵਿੱਚ ਪਹੁੰਚੇ ਤਾਂ ਪਿਆਰਾ ਸਿੰਘ ਦੀ ਪਾਰਟੀ ਨੂੰ ਪਾਕਿਸਤਾਨ ਦੀ ਫੌਜ ਨੇ ਆਣ ਘੇਰਾ ਪਾਇਆ ।ਕਾਫ਼ੀ ਘਮਸਾਨ ਦੀ ਲੜਾਈ ਹੋਣ ਤੋਂ ਬਾਅਦ ਇਹਨਾਂ ਨੂੰ ਯੁੱਧ ਬੰਦੀ ਬਣਾ ਲਿਆ ਅਤੇ ਗੱਡੀਆਂ ਵਿੱਚ ਬੈਠਾ ਕੇ ਇਕ ਕਿਲ੍ਹੇ ਵਿੱਚ ਰੱਖਿਆ ਗਿਆ , ਜਿਥੇ 6 ਸਿੱਖ ਲਾਈਟ ਇਨਫੈਂਟਰੀ ਬਟਾਲੀਅਨ ਦੇ 35 ਫੌਜੀ ਕਿਲ੍ਹੇ ਵਿੱਚ ਹੋਰ ਵੀ ਸਨ । ਸਿਪਾਹੀ ਜਵਾਲਾ ਸਿੰਘ, ਸਿਪਾਹੀ ਜੋਗਿੰਦਰ ਸਿੰਘ, ਸਿਪਾਹੀ ਸਰਦਾਰਾ ਸਿੰਘ ਵੀ ਉਸੇ ਕਿਲ੍ਹੇ ਵਿੱਚ ਸਨ। ਕੁਝ ਦੂਸਰੀਆਂ ਬਟਾਲੀਅਨਾਂ ਦੇ ਕੁੱਲ 150 ਦੇ ਕਰੀਬ ਸੈਨਿਕ ਯੁੱਧ ਬੰਦੀ ਸਨ, ਜਿੱਥੇ ਉਨ੍ਹਾਂ ਨੂੰ ਰੋਟੀ ਪਾਣੀ ਲਈ ਕੱਚਾ ਰਾਸ਼ਨ ਦੇ ਦਿੱਤਾ ਜਾਂਦਾ ਸੀ ਅਤੇ ਉਹ ਆਪਣੀ ਰੋਟੀ ਆਪ ਬਣਾਕੇ ਖਾਂਦੇ ਸਨ। ਯੁੱਧ ਬੰਦੀਆਂ ਨੂੰ 5 ਮਹੀਨੇ ਬਾਅਦ ਦੋਹਾਂ ਦੇਸ਼ਾਂ ਦੇ ਆਪਸੀ ਸਮਝੌਤੇ ਤੋਂ ਬਾਅਦ ਹੁਸੈਨੀ ਵਾਲਾ ਬਾਰਡਰ ਤੋਂ ਭਾਰਤ ਭੇਜ ਦਿੱਤਾ ਗਿਆ।ਫਿਰੋਜ਼ਪੁਰ ਕੈਂਟ ਵਿੱਚ ਦੋ ਦਿਨ ਰਹਿਣ ਤੋਂ ਬਾਅਦ ਸਾਰੇ ਸੈਨਿਕਾਂ ਨੂੰ ਆਪਣੀ ਆਪਣੀ ਬਟਾਲੀਅਨ ਵਿੱਚ ਭੇਜ ਦਿੱਤਾ ਗਿਆ। ਉਸ ਵਕਤ 6 ਸਿੱਖ ਲਾਈਟ ਇਨਫੈਂਟਰੀ ਬਟਾਲੀਅਨ ਸ਼ੰਭ ਜੌੜੀਆਂ ਸੈਕਟਰ ਵਿਖੇ ਤੈਨਾਤ ਸੀ। ਉਸ ਵਕ.ਤ ਦੇ ਕਮਾਡਿੰਗ ਅਫਸਰ ਪੀ ਕੇ ਨੰਦ ਗੋਪਾਲ ਅਤੇ ਸੂਬੇਦਾਰ ਮੇਜਰ ਦਇਆ ਸਿੰਘ ਸਨ। ਬਟਾਲੀਅਨ ਲੱਦਾਖ ਤੋਂ ਮੀਰਾਂ ਕੋਟ ਆ ਗਈ, ਜਿੱਥੇ ਸੰਨ 1967 ਵਿੱਚ ਸਿਪਾਹੀ ਪਿਆਰਾ ਸਿੰਘ ਦਾ ਵਿਆਹ ਮਾਤਾ ਕਰਤਾਰ ਕੌਰ ਜੀ ਨਾਲ ਹੋ ਗਿਆ। ਜਦੋਂ ਹਾਂਸਮਾਰੀ ਤੋਂ ਬਟਾਲੀਅਨ ਨਾਗਾਂਲੈਂਡ ਗਈ ਤਾਂ ਸੰਨ 1971 ਵਿੱਚ ਬੰਗਲਾਦੇਸ਼ ਦੀ ਲੜਾਈ ਲੱਗ ਗਈ। ਸਿਪਾਹੀ ਪਿਆਰਾ ਸਿੰਘ ਦਾ ਇਸ ਯੁੱਧ ਵਿੱਚ ਵੀ ਮਹੱਤਵਪੂਰਨ ਰੋਲ ਰਿਹਾ।6 ਸਿੱਖ ਲਾਈਟ ਇਨਫੈਂਟਰੀ ਕਾਲੀਧਾਰ ਬਟਾਲੀਅਨ ਢਾਕਾ ਵਿੱਚ ਸਭ ਤੋਂ ਪਹਿਲਾਂ ਪਹੁੰਚਣ ਵਾਲੀ ਬਟਾਲੀਅਨ ਬਣੀ । ਬਟਾਲੀਅਨ ਰੰਗੀਆਂ , ਹਾਵੜਾ ਅਤੇ ਫਿਰੋਜ਼ਪੁਰ ਹੁੰਦੇ ਹੋਏ ਮਿਤੀ 29- 09-1977 ਨੂੰ ਉੜੀ ਜੰਮੂ ਕਸ਼ਮੀਰ ਵਿੱਚ ਪਹੁੰਚ ਗਈ, ਜਿਥੇ ਮਿਤੀ 01-06-1979 ਨੂੰ ਸਿਪਾਹੀ ਪਿਆਰਾ ਸਿੰਘ ਸੇਵਾ ਮੁਕਤ ਹੋ ਗਏ । ਪੈਨਸ਼ਨ ਆਉਣ ਤੋਂ ਬਾਅਦ ਸਿਪਾਹੀ ਪਿਆਰਾ ਸਿੰਘ ਸਿੱਖਿਆ ਵਿਭਾਗ ਪੰਜਾਬ ਵਿੱਚ ਬਤੌਰ ਸੇਵਾਦਾਰ (1980-2005) ਨੌਕਰੀ ਕਰਦੇ ਰਹੇ ਇਸ ਦੇ ਨਾਲ ਨਾਲ ਪਿੰਡ ਵਿੱਚ ਸ਼ਹੀਦ ਬਾਬਾ ਜੀਵਨ ਸਿੰਘ ਜੀ ਗੁਰਦੁਆਰਾ ਸਾਹਿਬ ਤਿਆਰ ਕਰਵਾਇਆ ।ਸਾਂਝੇ ਧਾਰਮਿਕ ਕੰਮਾਂ ਤੇ ਮਨੁੱਖਤਾ ਦੀ ਸੇਵਾ ਵਿੱਚ ਸਿਪਾਹੀ ਪਿਆਰਾ ਸਿੰਘ ਦਾ ਵੱਡਮੁੱਲਾ ਯੋਗਦਾਨ ਰਿਹਾ ।ਆਪ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਤੇ ਮੁੱਖ ਗ੍ਰੰਥੀ ਸਿੰਘ ਰਹੇ ।ਆਪ ਨੇ ਹੀ ਅਗਲੇ ਗ੍ਰੰਥੀ ਸਿੰਘ ਭਾਈ ਗੁਰਦੀਪ ਸਿੰਘ ਨੂੰ ਸਿਰੋਪਾ ਪਹਿਨਾ ਕੇ ਗ੍ਰੰਥੀ ਸਿੰਘ ਦੀ ਜ਼ਿੰਮੇਵਾਰੀ ਸੰਭਾਲੀ। ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰ ਕੇ ਭਾਰਤ ਮਾਤਾ ਦਾ ਸੱਚਾ ਸਪੂਤ ਸਰਦਾਰ ਪਿਆਰਾ ਸਿੰਘ ਮਿਤੀ 27-08-2025 ਨੂੰ ਭਾਰਤ ਮਾਤਾ ਦੀ ਗੋਦ ਵਿੱਚ ਹਮੇਸ਼ਾ ਹਮੇਸ਼ਾ ਲਈ ਸਮਾ ਗਿਆ। ਸਿਪਾਹੀ ਪਿਆਰਾ ਸਿੰਘ ਦੀ ਬੇਵਕਤੀ ਮੌਤ ਤੋਂ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ।ਪਰਿਵਾਰ ਨਾਲ 6 ਸਿੱਖ ਲਾਈਟ ਇਨਫੈਂਟਰੀ ਕਾਲੀਧਾਰ ਬਟਾਲੀਅਨ ਦੇ ਸੂਬੇਦਾਰ ਮੇਜਰ ਜਗਸੀਰ ਸਿੰਘ, ਕੈਪਟਨ ਬਲੌਰ ਸਿੰਘ ਭੰਮੀਪੁਰਾ , ਕੈਪਟਨ ਜਸਪਾਲ ਸਿੰਘ ਟੂਸੇ, ਕੈਪਟਨ ਜਸਵੰਤ ਸਿੰਘ ਪੰਡੋਰੀ, ਸੂਬੇਦਾਰ ਹਰਜੀਤ ਸਿੰਘ ,ਹਵਲਦਾਰ ਹਰਜੀਤ ਸਿੰਘ, ਸੂਬੇਦਾਰ ਮਲਕੀਤ ਸਿੰਘ, ਸਰਦਾਰ ਗੁਰਦੀਪ ਸਿੰਘ ਚੀਮਾ, ਸਰਦਾਰ ਸੁਖਦੇਵ ਸਿੰਘ ਜੰਡਿਆਲਾ, ਸਰਦਾਰ ਸਤਨਾਮ ਸਿੰਘ ਲੰਗੇਆਣਾ,ਹਵਲਦਾਰ ਜਗਦੇਵ ਸਿੰਘ ਸਰਪੰਚ,ਸੂਬੇਦਾਰ ਮੇਜਰ ਦਲਜੀਤ ਸਿੰਘ ,ਕੈਪਟਨ ਹੀਰਾ ਸਿੰਘ ਜੰਡਿਆਲਾ ਅਤੇ ਸੂਬੇਦਾਰ ਕੁਲਦੀਪ ਸਿੰਘ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ।ਸਰਦਾਰ ਪਿਆਰਾ ਸਿੰਘ ਦੇ ਪੰਜ ਬੱਚੇ ਹਨ, ਜਿਨਾਂ ਵਿੱਚ ਬੇਟੀ ਹਰਪ੍ਰੀਤ ਕੌਰ ,ਬੇਟੇ ਕੁਲਵੰਤ ਸਿੰਘ , ਜਸਪਾਲ ਸਿੰਘ , ਮਾਸਟਰ ਹਰਪ੍ਰੀਤ ਸਿੰਘ ਅਤੇ ਡਾਕਟਰ ਰਛਪਾਲ ਸਿੰਘ ਨੰਬਰਦਾਰ ਪਿੰਡ ਲਹਿਰਕਾ ਹਨ ।ਜੰਗੀ ਯੋਧੇ ਸਰਦਾਰ ਪਿਆਰਾ ਸਿੰਘ ਦੀ ਆਤਮਿਕ ਸ਼ਾਂਤੀ ਲਈ ਰੱਖੇ ਸਹਿਜ ਪਾਠ ਦੇ ਭੋਗ ਦੀ ਅੰਤਿਮ ਅਰਦਾਸ ਮਿਤੀ 05-09-2025 ਦਿਨ ਸ਼ੁੱਕਰਵਾਰ ਗੁਰਦੁਆਰਾ ਧੰਨ ਧੰਨ ਬਾਬਾ ਬੀਰ ਸਿੰਘ ਜੀ ਸ਼ਹੀਦ (ਨੌਰੰਗਾ ਬਾਦ ਵਾਲੇ) ਗੁਰਦੁਆਰਾ ਟਾਹਲੀ ਸਾਹਿਬ ਅੱਡਾ ਟਾਹਲੀ ਸਾਹਿਬ ,ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਵੇਗੀ।



ਆਵਾਜ਼ਿ ਕੌਮ AWAZE QAUM International Newspaper & WEB TV

# ਕਸਬਾ ਚਵਿੰਡਾ ਦੇਵੀ ਵਿਖੇ ਤਿੰਨ ਗਰੀਬ ਪਰਿਵਾਰਾਂ ਦੀਆਂ ਛੱਤਾਂ ਡਿੱਗੀਆਂ





**ਚੌਕ ਮਹਿਤਾ, 3 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਚਵਿੰਡਾ ਦੇਵੀ 2 ਦਸੰਬਰ ਰਜੇਸ਼ ਭੰਡਾਰੀ ਇਤਿਹਾਸਿਕ ਕਸਬਾ ਚ ਪਿੰਡਾਂ ਦੇ ਵੀ ਵਿਖੇ ਪਿਛਲੇ ਦਿਨਾਂ ਤੋਂ ਲਗਾਤਾਰ ਪੈ ਰਹੀ ਭਾਰੀ ਬਰਸਾਤ ਕਾਰਨ ਦੋ ਗਰੀਬ ਪਰਿਵਾਰਾਂ ਦੀਆਂ ਛੱਤਾਂ ਦੇ ਬਾਲੇ ਡਿੱਗੇ ਤੇ ਇੱਕ ਪਰਿਵਾਰ ਦੇ ਲੈਂਟਰ ਦੀਆਂ ਇੱਟਾਂ ਡਿੱਗਣੀਆਂ ਸ਼ੁਰੂ ਹੋ ਗਈਆਂ ਹਨ ਇਸ ਸਬੰਧੀ ਗੱਲਬਾਤ ਕਰਦਿਆਂ ਸਵਾਰਨੀ ਪਤਨੀ ਸਵਰਗੀਏ ਪਤਨੀ ਅਨੈਤ ਵਾਸੀ ਚਵਿੰਡਾ ਦੇਵੀ ਨੇ ਦੱਸਿਆ ਕਿ ਬੀਤੀ ਰਾਤ ਉਸ ਦਾ ਘਰ ਬੇ ਮਕਾਨ ਦੀ ਛੱਤ ਡਿੱਗ ਪਈ ਹੈ ਜਿਸ ਨੂੰ ਕਾਫੀ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪਿਆ ਇਸੇ ਤਰ੍ਹਾਂ ਹੀ ਸੁਨੀਤਾ ਪਤਨੀ ਸਵਰਗੀ ਗੁਲਜਾਰ ਮਸੀਹ ਦੇ ਮਕਾਨ ਦੇ ਬਾਲੇ ਡਿੱਗਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤੇ ਘਰ ਦੇ ਅੰਦਰ ਪਿਆ ਸਮਾਨ ਖਰਾਬ ਹੋ ਰਿਹਾ ਹੈ ਇਸੇ ਤਰ੍ਹਾਂ ਹੀ ਗੁਰਵਿੰਦਰ ਕੌਰ ਪਤਨੀ ਸਵਰਗੀ ਅਗਰ ਨਾਮ ਸਿੰਘ ਵਾਸੀ ਚਵਿੰਡਾ ਦੇਵੀ ਜੋ ਘਰ ਦੇ ਛੱਤ ਉਪਰਲਿੰਟਰ ਪਿਆ ਹੈ ਉਸ ਦੀਆਂ ਇੱਟਾਂ ਡਿੱਗਣੀਆਂ ਸ਼ੁਰੂ ਹੋ ਗਈਆਂ ਹਨ ਅਤੇ ਪਰਿਵਾਰ ਨੂੰ ਕਾਫੀ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਸਬੰਧੀ ਉੱਗੇ ਸਮਾਜ ਸੇਵੀ ਰਜੇਸ਼ ਭੰਡਾਰੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਰਿਵਾਰ ਬਹੁਤ ਹੀ ਗਰੀਬ ਹਨ ਸਰਕਾਰ ਇਹਨਾਂ ਪਰਿਵਾਰਾਂ ਮਾਲੀ ਮਦਦ ਕਰੇ ਤਾਂ ਜੋ ਪਰਿਵਾਰ ਆਪਣੇ ਮਕਾਨਾਂ ਦੀ ਛੱਤ ਪਾ ਸਕਣ ਇਹ ਪਰਿਵਾਰ ਬਹੁਤ ਹੀ ਗਰੀਬ ਹਨ ਅਤੇ ਤਿੰਨੇ ਹੀ ਔਰਤਾਂ ਵਿਧਵਾ ਹਨ ਦਾ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਇਹਨਾਂ ਪਰਿਵਾਰਾਂ ਦਾ ਸਹਾਰਾ ਬਣੇ।

ਆਵਾਜ਼ਿ ਕੌਮ AWAZE QAUM International Newspaper & WEB TV


ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ
ਮੈਮੋਰੀਅਲ ਸੈਮੀਨਾਰ
ਤਖ਼ਤ ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ)
ਆਵਾਜ਼ਿ ਕੌਮ AWAZE QAUM International Newspaper & WEB TV
ਮਿਤੀ 4 ਸਤੰਬਰ 2025
ਦਿਨ ਵੀਰਵਾਰ ਸਵੇਰੇ 10 ਵਜੇ ਤੋਂ ਦੁਪਿਹਰ 2 ਵਜੇ ਤੱਕ
ਆਪ ਜੀ ਬੇਨਤੀ ਹੈ ਕਿ ਇਸ ਪ੍ਰੋਗਰਾਮ ਵਿੱਚ
ਸਮੂਲੀਅਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ
ਇਮਾਨ ਸਿੰਘ ਮਾਨ
ਡਾ: ਸੇਵਕ ਸਿੰਘ
ਅਜਮੇਰ ਸਿੰਘ
ਪ੍ਰੋ ਮਹਿੰਦਰਪਾਲ ਸਿੰਘ
ਵੱਲੋ- ਜ਼ਿਲ੍ਹਾ ਜੱਥੇਬੰਦੀ ਬਠਿੰਡਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਵਧੇਰੇ ਜਾਣਕਾਰ ਲਈ ਕਰੋ ਮੋ:94170-24726,95699-10002

### ਗੁਰਦੁਆਰਾ ਕਰਮਸਰ ਰਾੜਾ ਸਾਹਿਬ ਸੰਪਰਦਾਇ ਦੇ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੀ ਅੰਤਿਮ ਅਰਦਾਸ ਵਿੱਚ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ















ਆਵਾਜ਼ਿ ਕੌਮ AWAZE QAUM International Newspaper & WEB TV




ਗੁਰਦੁਆਰਾ ਕਰਮਸਰ ਰਾੜਾ ਸਾਹਿਬ ਸੰਪਰਦਾਇ ਦੇ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੀ ਅੰਤਿਮ ਅਰਦਾਸ ਵਿੱਚ ਰਾੜਾ ਸਾਹਿਬ ਵਿਖੇ ਅੱਜ ਸ਼ਰਧਾਜ਼ਲੀ ਭੇਂਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਬੋਰਡ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ,ਦਮਦਮੀ ਟਕਸਾਲ,ਨਿਹੰਗ ਸਿੰਘ ਜਥੇਬੰਦੀਆਂ,ਕਾਰ ਸੇਵਾ ਵਾਲੇ ਮਹਾਂਪੁਰਸ਼,ਸੇਵਾਪੰਥੀ ਮਹਾਂਪੁਰਸ਼,ਨਾਮਧਾਰੀ ਸਿੱਖ ਸੰਪਰਦਾਇ,ਰਾਗੀ ਢਾਡੀ ਕਥਾਵਾਚਕ ਸੰਤ ਮਹਾਂਪੁਰਸ਼ ਪ੍ਰਚਾਰਕ,ਪੰਜਾਬ ਸਰਕਾਰ,ਧਾਰਮਿਕ ਅਤੇ ਰਾਜਨੀਤਿਕ ਆਗੂ ਸਾਹਿਬਾਨ,ਨਵੇਂ ਬਣੇ ਮੁਖੀ ਸੰਤ ਅਮਰ ਸਿੰਘ ਭੋਰੇ ਵਾਲਿਆਂ ਨੂੰ ਜਥੇਦਾਰ ਦਾਦੂਵਾਲ ਜੀ ਨੇ ਹਰਿਆਣਾ ਕਮੇਟੀ ਵੱਲੋਂ ਦਸਤਾਰ ਭੇਂਟ ਕੀਤੀ,ਲੱਖਾਂ ਦੀ ਤਾਦਾਦ ਵਿੱਚ ਸਿੱਖ ਸੰਗਤਾਂ ਹਾਜ਼ਰ ਸਨ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ, ਯੂ. ਕੇ.)

### ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਲਈ

# ਗੁਰਮੀਤ ਸਿੰਘ ਸ਼ੰਟੀ ਵਲੋਂ ਵਿਸ਼ਾਲ ਪੰਥਕ ਇੱਕਠ




**ਨਵੀਂ ਦਿੱਲੀ 3 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਦਿੱਲੀ ਦੇ ਇਕ ਬੇਨਕੂਟ ਹਾਲ ਵਿਚ ਦਿੱਲੀ ਕਮੇਟੀ ਦੇ ਸਾਬਕਾ ਸਕੱਤਰ ਗੁਰਮੀਤ ਸਿੰਘ ਸ਼ੰਟੀ ਵਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਚੋਣਾਂ ਮੱਦੇਨਜਰ ਇਕ ਭਰਵੀਂ ਮੀਟਿੰਗ ਕਰਵਾਈ ਗਈ । ਇਸ ਮੀਟਿੰਗ ਵਿਚ ਉਚੇਚੇ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ, ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਸਮੇਤ ਹੋਰ ਵੱਖ ਵੱਖ ਆਗੂਆਂ ਨੇ ਹਾਜ਼ਿਰੀ ਭਰੀ ਸੀ । ਇਸ ਮੌਕੇ ਬੁਲਾਰਿਆ ਵਲੋਂ ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਨੂੰ ਯਾਦ ਕੀਤਾ ਗਿਆ ਓਥੇ ਹੀ ਦਿੱਲੀ ਗੁਰਦੁਆਰਾ ਕਮੇਟੀ ਦੀ ਮੌਜੂਦਾ ਪ੍ਰਬੰਧਕੀ ਉਪਰ ਜ਼ੋਰਦਾਰ ਹਮਲਾ ਬੋਲਿਆ ਗਿਆ ਸੀ ਤੇ ਹਾਜ਼ਰੀਨ ਸੰਗਤਾਂ ਨੂੰ ਦਿੱਲੀ ਕਮੇਟੀ ਵਲੋਂ ਕੀਤੀਆਂ ਜਾ ਰਹੀਆਂ ਕੁਤਾਹੀਆਂ ਬਾਰੇ ਦਸਿਆ ਗਿਆ । ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਗੁਰਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਕੋ ਚੇਅਰਮੈਨ ਸਰਦਾਰ ਪਰਮਜੀਤ ਸਿੰਘ ਵੀਰਜੀ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਜੀ ਆਇਆ ਆਖਦਿਆਂ ਸਿਰੋਪਾਓ ਨਾਲ ਸਨਮਾਨਿਤ ਕੀਤਾ । ਇਸ ਮੌਕੇ ਗੁਰਮੀਤ ਸਿੰਘ ਸ਼ੰਟੀ ਵਲੋਂ ਪੰਜਾਬ ਦੇ ਹੜ ਪੀੜੀਤਾਂ ਲਈ ਇਕ ਲੱਖ ਇਕਵੰਜਾ ਹਜਾਰ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ।

**ਸੁਖਬੀਰ ਬਾਦਲ ਨੇ ਪਰਮਜੀਤ ਸਿੰਘ ਵੀਰਜੀ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸਿਰੋਪਾਓ ਭੇਂਟ ਕਰ ਕੀਤਾ ਸ਼ਾਮਿਲ**

### ਕੀਰ ਸਟਾਰਮਰ ’ਤੇ ਜੱਜ ਦੀ ਅਗਵਾਈ ਵਾਲੀ

# ਜਨਤਕ ਜਾਂਚ ਦਾ ਐਲਾਨ ਕਰਨ ਅਤੇ ਸ਼ੁਰੂ ਕਰਨ ਲਈ ਭਾਰੀ ਦਬਾਅ

**ਨਵੀਂ ਦਿੱਲੀ, 3 ਸਤੰਬਰ (ਮਨਪ੍ਰੀਤ ਸਿੰਘ ਖਾਲਸਾ):-** ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸੰਸਦ ਵਾਪਸ ਆ ਰਹੀ ਹੈ, ਇਸ ਲਈ ਕੀਰ ਸਟਾਰਮਰ ਅਤੇ ਐਂਜੇਲਾ ਰੇਨਰ ’ਤੇ ਜੂਨ 1984 ਦੇ ਅੰਮ੍ਰਿਤਸਰ ਸਿੱਖ ਕਤਲੇਆਮ ਵਿੱਚ ਯੂਕੇ ਸਰਕਾਰ ਦੀ ਭੂਮਿਕਾ ਅਤੇ ਥੈਚਰ ਯੁੱਗ ਵਿੱਚ ਬ੍ਰਿਟੇਨ ਵਿੱਚ ਸਿੱਖ ਘੱਟ ਗਿਣਤੀ ਵਿਰੁੱਧ ਭਾਰਤ ਸਰਕਾਰ ਦੁਆਰਾ ਬੇਨਤੀ ਕੀਤੇ ਗਏ ਸਿੱਖ ਵਿਰੋਧੀ ਉਪਾਵਾਂ ਬਾਰੇ ਜੱਜ ਦੀ ਅਗਵਾਈ ਵਾਲੀ ਜਨਤਕ ਜਾਂਚ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਭਾਰੀ ਦਬਾਅ ਹੈ। ਜਨਵਰੀ ਅਤੇ ਜੂਨ ਦੇ ਵਿਚਕਾਰ ਚਾਰ ਪੱਗੜੀ ਪਹਿਨਣ ਵਾਲੇ ਸਿੱਖ ਸੰਸਦ ਮੈਂਬਰਾਂ ਵਿੱਚੋਂ ਤਿੰਨ ਨੇ ਸੰਸਦ ਵਿੱਚ ਇਹ ਮੁੱਦਾ ਉਠਾਇਆ ਹੈ ਕਿਉਂਕਿ ਉਹ ਨਿੱਜੀ ਤੌਰ ’ਤੇ ਉਨ੍ਹਾਂ ਅਤੇ ਉਨ੍ਹਾਂ ਦੇ ਹਲਕੇ ਲਈ ਇਸ ਮੁੱਦੇ ਦੀ ਮਹੱਤਤਾ ਨੂੰ ਸਮਝਦੇ ਹਨ। ਦੇਸ਼ ਭਰ ਦੇ ਬਹੁਤ ਸਾਰੇ ਲੇਬਰ ਸੰਸਦ ਮੈਂਬਰ ਸੱਤਾ ਵਿੱਚ ਆਉਣ ਤੋਂ ਬਾਅਦ ਸਰਕਾਰਾਂ ਦੀ ਚੁੱਪੀ ਤੋਂ ਨਿਰਾਸ਼ ਹਨ। ਸਿੱਖ ਫੈਡਰੇਸ਼ਨ (ਯੂਕੇ) ਹੌਲੀ-ਹੌਲੀ ਦਬਾਅ ਵਧਾ ਰਹੀ ਹੈ ’ਤੇ ਪ੍ਰਧਾਨ ਮੰਤਰੀ ਅਤੇ ਲੇਬਰ ਸੰਸਦ ਮੈਂਬਰਾਂ ਨੂੰ ਲਿਖ ਕੇ ਉਨ੍ਹਾਂ ਨੂੰ ਜੱਜ ਦੀ ਅਗਵਾਈ ਵਾਲੀ ਜਨਤਕ ਜਾਂਚ ਸ਼ੁਰੂ ਕਰਨ ਲਈ ਕਹਿ ਰਹੀ ਹੈ। ਗ੍ਰੇਵਸ਼ਮ ਤੋਂ ਲੇਬਰ ਸੰਸਦ ਮੈਂਬਰ ਲੌਰੇਨ ਸੁਲੀਵਾਨ, ਲੀਮਿੰਗਟਨ ਅਤੇ ਵਾਰਵਿਕਸ਼ਾਇਰ ਤੋਂ ਲੇਬਰ ਸੰਸਦ ਮੈਂਬਰ ਮੈਟ ਵੈਸਟਰਨ ਵੱਲੋਂ ਜੱਜ ਦੀ ਅਗਵਾਈ ਵਾਲੀ ਜਨਤਕ ਜਾਂਚ ਦਾ ਸਮਰਥਨ ਕਰਨ ਵਾਲੇ ਵਿਦੇਸ਼ ਸਕੱਤਰ ਨੂੰ ਭੇਜੇ ਗਏ ਪੱਤਰ ਪਹਿਲੇ ਦੋ ਸਨ ਜਿਨ੍ਹਾਂ ਨੂੰ ਜਨਤਕ ਕੀਤਾ ਗਿਆ। ਸਿੱਖ ਸੰਸਦ ਮੈਂਬਰਾਂ ਵੱਲੋਂ ਸੰਸਦ ਵਿੱਚ ਉਠਾਏ ਗਏ ਸਵਾਲ, ਹੋਰ ਲੇਬਰ ਸੰਸਦ ਮੈਂਬਰਾਂ ਵੱਲੋਂ ਭੇਜੇ ਗਏ ਪੱਤਰਾਂ ਨੂੰ ਸਾਂਝਾ ਕਰਨਾ ਅਤੇ ਸੰਬੰਧਿਤ ਰਾਸ਼ਟਰੀ ਮੀਡੀਆ ਕਵਰੇਜ ਦਾ ਨਤੀਜਾ ਇੱਕ ਬਰਫ਼ਬਾਰੀ ਪ੍ਰਭਾਵ ਵਿੱਚ ਨਿਕਲਿਆ ਹੈ ਕਿਉਂਕਿ ਬਹੁਤ ਸਾਰੇ ਲੇਬਰ ਸੰਸਦ ਮੈਂਬਰ ਜੋ ਸਿੱਖ ਭਾਈਚਾਰੇ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਮਹੱਤਤਾ ਦੀ ਕਦਰ ਕਰਦੇ ਹਨ। ਲੇਬਰ ਸੰਸਦ ਮੈਂਬਰ 1980 ਦੇ ਦਹਾਕੇ ਵਿੱਚ ਥੈਚਰ ਅਤੇ ਟੋਰੀਜ਼ ਦੀਆਂ ਕਾਰਵਾਈਆਂ ਦਾ ਬਚਾਅ ਕਰਦੇ ਹੋਏ ਵੀ ਨਹੀਂ ਦੇਖਣਾ ਚਾਹੁੰਦੇ ਅਤੇ ਡੇਵਿਡ ਕੈਮਰਨ 1984 ਤੋਂ 30 ਸਾਲਾਂ ਬਾਅਦ ਕਵਰ ਕਰਦੇ ਹਨ। 1 ਅਗਸਤ ਨੂੰ ਲੇਬਰ ਸੰਸਦ ਮੈਂਬਰਾਂ ਲਈ ਇੱਕ ਨੋ ਪਲੇਟਫਾਰਮ ਨੀਤੀ ਲਾਗੂ ਹੋਈ ਜਿਨ੍ਹਾਂ ਨੇ ਜੱਜ ਦੀ ਅਗਵਾਈ ਵਾਲੀ ਜਾਂਚ ਲਈ ਆਪਣੇ ਸਮਰਥਨ ਦੀ ਪੁਸ਼ਟੀ ਨਹੀਂ ਕੀਤੀ ਹੈ। ਨੀਤੀ ਲਾਗੂ ਹੋਣ ਤੋਂ ਪਹਿਲਾਂ 50 ਤੋਂ ਵੱਧ ਲੇਬਰ ਸੰਸਦ ਮੈਂਬਰਾਂ, ਜਿਨ੍ਹਾਂ ਵਿੱਚ ਅੱਧੀ ਦਰਜਨ ਤੋਂ ਵੱਧ ਕੈਬਨਿਟ ਅਤੇ ਹੋਰ ਮੰਤਰੀ ਸ਼ਾਮਲ ਹਨ, ਨੇ ਜੱਜ ਦੀ ਅਗਵਾਈ ਵਾਲੀ ਜਨਤਕ ਜਾਂਚ ਲਈ ਆਪਣੀ ਨਿੱਜੀ ਹਮਾਇਤ ਦੀ ਪੁਸ਼ਟੀ ਕੀਤੀ ਸੀ। ਹੁਣ ਲਗਭਗ 100 ਲੇਬਰ ਸੰਸਦ ਮੈਂਬਰਾਂ ਨੇ ਆਪਣੀ ਹਮਾਇਤ ਦੀ ਪੁਸ਼ਟੀ ਕੀਤੀ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਰਾਜਨੀਤਿਕ ਸ਼ਮੂਲੀਅਤ ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਲਿਬਰਲ ਡੈਮੋਕ੍ਰੇਟਸ, ਐਸ.ਐਨ.ਪੀ. ਅਤੇ ਗ੍ਰੀਨਜ਼ ਨੇ ਜੱਜ-ਅਗਵਾਈ ਵਾਲੀ ਜਨਤਕ ਜਾਂਚ ਲਈ ਆਪਣੀ ਹਮਾਇਤ ਦੀ ਪੁਸ਼ਟੀ ਕੀਤੀ ਹੈ ਕਿਉਂਕਿ ਲੇਬਰ ਲਈ ਨੋ ਪਲੇਟਫਾਰਮ ਨੀਤੀ ਲਾਗੂ ਹੋਈ ਹੈ। ਆਜ਼ਾਦ ਅਤੇ ਜੇਰੇਮੀ ਕੋਰਬਿਨ ਦੀ ਨਵੀਂ ਬਣੀ ਰਾਜਨੀਤਿਕ ਪਾਰਟੀ ਨਾਲ ਸਬੰਧਤ ਕਈ ਸੰਸਦ ਮੈਂਬਰਾਂ ਨੇ ਵੀ ਆਪਣੀ ਪੂਰੀ ਹਮਾਇਤ ਦੀ ਪੁਸ਼ਟੀ ਕੀਤੀ ਹੈ। ਰਿਫਾਰਮ ਯੂ.ਕੇ. ਚੁੱਪ ਹੈ, ਪਰ ਅਸੀਂ ਸਮਝਦੇ ਹਾਂ ਕਿ ਉਹ ਆਪਣੀ ਸਥਿਤੀ ’ਤੇ ਧਿਆਨ ਨਾਲ ਵਿਚਾਰ ਕਰ ਰਹੇ ਹਨ ਕਿਉਂਕਿ ਉਹ ਸਿੱਖ ਭਾਈਚਾਰੇ ਦਾ ਸਮਰਥਨ ਕਰਨ ਲਈ ਉਤਸੁਕ ਹਨ। ਨੋ ਪਲੇਟਫਾਰਮ ਨੀਤੀ ਲਾਗੂ ਹੋਣ ਤੋਂ ਬਾਅਦ ਅਸੀਂ ਅਗਸਤ ਦੌਰਾਨ ਲੇਬਰ ਸੰਸਦ ਮੈਂਬਰਾਂ, ਜਿਨ੍ਹਾਂ ਵਿੱਚ ਮੰਤਰੀ ਵੀ ਸ਼ਾਮਲ ਹਨ, ਤੋਂ ਆਪਣੇ ਸਮਰਥਨ ਦੀ ਪੁਸ਼ਟੀ ਕਰਨ ਵਾਲੀਆਂ ਈਮੇਲਾਂ ਦਾ ਇੱਕ ਨਿਰੰਤਰ ਪ੍ਰਵਾਹ ਦੇਖਿਆ ਹੈ, ਹਾਲਾਂਕਿ ਬਹੁਤ ਸਾਰੇ ਲੋਕਾਂ ਨੇ ਸਾਨੂੰ ਆਪਣਾ ਸਮਰਥਨ ਗੁਪਤ ਰੱਖਣ ਲਈ ਕਿਹਾ ਹੈ। ਹੋਰਨਾਂ ਨੇ ਲੇਬਰ ਲੀਡਰਸ਼ਿਪ ਦੁਆਰਾ ਵਾਅਦਾ ਕੀਤੇ ਗਏ ਜੱਜ- ਅਗਵਾਈ ਵਾਲੀ ਜਾਂਚ ਬਾਰੇ ਸਪੱਸ਼ਟਤਾ ਮੰਗਣ ਲਈ ਵਿਦੇਸ਼ ਸਕੱਤਰ ਨੂੰ ਲਿਖਿਆ ਹੈ। ਅਸੀਂ ਹੁਣ ਜੱਜ-ਅਗਵਾਈ ਵਾਲੀ ਜਨਤਕ ਜਾਂਚ ਲਈ ਲਗਭਗ 200 ਸੰਸਦ ਮੈਂਬਰਾਂ ਦੇ ਸਮਰਥਨ ਦੇ ਨੇੜੇ ਹਾਂ ਅਤੇ ਕਿਸੇ ਵੀ ਲੇਬਰ ਸੰਸਦ ਮੈਂਬਰ ਤੋਂ ਕੋਈ ਵਿਰੋਧ ਨਹੀਂ ਹੋਇਆ ਹੈ। ਅਸੀਂ ਅਗਲੇ ਕੁਝ ਮਹੀਨਿਆਂ ਵਿੱਚ ਇਹ ਮਾਮਲਾ ਸਿਰੇ ਚੜ੍ਹਦਾ ਦੇਖ ਸਕਦੇ ਹਾਂ ਕਿਉਂਕਿ ਅਸੀਂ ਲੇਬਰ ਸੰਸਦ ਮੈਂਬਰਾਂ ਦੇ ਨਾਮ ਲੈਣਾ ਅਤੇ ਸ਼ਰਮਿੰਦਾ ਕਰਨਾ ਸ਼ੁਰੂ ਕਰ ਦਿੰਦੇ ਹਾਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਹਲਕੇ ਹਨ, ਜੋ ਚੁੱਪ ਹਨ ਅਤੇ ਪਲੇਟਫਾਰਮ ਨਾ ਹੋਣ ਦਾ ਜੋਖਮ ਲੈਂਦੇ ਹਨ। ਨੋ ਪਲੇਟਫਾਰਮ ਨੀਤੀ ਲਾਗੂ ਹੋਣ ਤੋਂ ਠੀਕ ਪਹਿਲਾਂ ਸਿੱਖ ਫੈਡਰੇਸ਼ਨ (ਯੂ.ਕੇ.) ਨੇ ਭਾਰਤ ਨਾਲ ਸਬੰਧਾਂ ਲਈ ਜ਼ਿੰਮੇਵਾਰ ਵਿਦੇਸ਼ ਦਫ਼ਤਰ ਮੰਤਰੀ ਕੈਥਰੀਨ ਵੈਸਟ ਨੂੰ ਲਿਖਿਆ ਜੋ ਗ੍ਰੇਵਸੈਂਡ ਦੇ ਪ੍ਰਸਿੱਧ ਗੁਰਦੁਆਰੇ ਦਾ ਦੌਰਾ ਕਰਨਾ ਚਾਹੁੰਦੀ ਸੀ। ਉਸਨੂੰ ਦੱਸਿਆ ਗਿਆ ਸੀ ਕਿ ਉਹ ਗੁਰਦੁਆਰੇ ਜਾ ਸਕਦੀ ਹੈ, ਪਰ ਉਸਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਕੁਝ ਮੁਸ਼ਕਲ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਹੇਠਾਂ ਦੁਬਾਰਾ ਪੇਸ਼ ਕੀਤੇ ਗਏ ਸਾਡੇ ਪੱਤਰ ਦਾ ਸਾਡੇ ਕੋਲ ਕੋਈ ਜਵਾਬ ਨਹੀਂ ਹੈ।



**ਯੂਕੇ ਦੇ ਸਿੱਖਾਂ ਵਲੋਂ ਲੇਬਰ ਸੰਸਦ ਮੈਂਬਰਾਂ ਲਈ “ਨੋ ਪਲੇਟਫਾਰਮ” ਨੀਤੀ ਹੋਈ ਲਾਗੂ**

# ਐਮ,ਐਲ,ਏ ਪਠਾਨਮਾਜਰਾਂ ਨੂੰ ਪੰਜਾਬ ਦੇ ਹੱਕ ਵਿੱਚ ਬੋਲਣ ਦੀ ਸਜਾ ਦਿੱਤੀ ਗਈ-ਪੰਮਾ ਬਾਠ



**ਧੂਰੀ ( ਰਣਜੀਤ ਸਿੰਘ ਪੇਧਨੀ )-**ਪਿਛਲੇ ਲੰਮੇ ਸਮੇਂ ਤੋਂ ਗੱਲਾਂ ਚੱਲ ਰਹੀਆਂ ਹਨ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਪੰਜਾਬ ਵਾਸੀਆਂ ਨੂੰ ਲੁੱਟਣ ਦਾ ਕੰਮ ਕਰ ਰਹੇ ਹਨ। ਜੇਕਰ ਕੋਈ ਪੰਜਾਬ ਦੇ ਹੱਕ ਵਿੱਚ ਅਵਾਜ ਨੂੰ ਬੁਲੰਦ ਕਰਦਾ ਹੈ ਤਾਂ ਉਸ ਦੀ ਆਵਾਜ ਨੂੰ ਦਵਾਇਆ ਜਾਂਦਾ ਹੈ ਪਹਿਲਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਮੁੱਦਾ ਚੁੱਕਣ ਵਾਲੇ ਕੁੰਵਰ ਵਿਜੇ ਪ੍ਰਤਾਪ ਨੂੰ ਅਤੇ ਹੁਣ ਐਮ,ਐਲ,ਏ ਹਰਮੀਤ ਸਿੰਘ ਪਠਾਨਮਾਜਰਾਂ ਨੂੰ ਪੰਜਾਬ ਦੇ ਹੱਕ ਵਿੱਚ ਬੋਲਣ ਦੀ ਸਜਾ ਦਿੱਤੀ ਗਈ। ਜੋ ਕਿ ਸਰਾ ਸਰ ਧੱਕਾ ਹੈ ਅਸੀਂ ਇਸ ਦੀ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਸਖ਼ਤ ਸ਼ਬਦਾ ਵਿਚ ਨਿਖੇਧੀ ਕਰਦੇ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਕੀਤਾ। ਉਨ੍ਹਾਂ ਕਿਹਾ ਕਿ ਪਠਾਣਮਾਜਰਾ ਨੇ ਪੰਜਾਬ ਅਤੇ ਪੰਜਾਬੀਅਤ ਦੇ ਲਈ ਆਵਾਜ਼ ਉਠਾਈ ਤਾਂ ਉਸ ਨੂੰ ਪੁਲਿਸ ਨੇ ਗਿਰਫਤਾਰ ਕਰ ਲਿਆ ਇਹ ਤਾਂ ਇਕ ਤਰ੍ਹਾਂ ਤਾਨਾਸ਼ਾਹ ਰਾਜ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਿੱਖ ਕੌਮ ਦਾ ਇਤਿਹਾਸ ਹੈ ਕਿ ਦਿੱਲੀ ਤੋਂ ਚੜ ਕੇ ਆਉਣ ਵਾਲੇ ਨੂੰ ਮੂੰਹ ਦੀ ਖਾਣੀ ਪਈ ਹੈ ਜਿਸ ਦਾ ਜੁਆਬ ਪੰਜਾਬੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੇਣਗੇ ।

# ਐੱਸ.ਡੀ.ਐਮ. ਨੇ ਵੱਖ-ਵੱਖ ਥਾਂ ਖੜ੍ਹੇ ਪਾਣੀ ਦੀ ਕਰਵਾਈ ਨਿਕਾਸੀ

### ਮੀਂਹ ਕਾਰਨ ਹੋਏ ਨੁਕਸਾਨ ਬਾਬਤ ਰਿਪੋਰਟ ਤਿਆਰ ਕਰਨ ਦੀਆਂ ਹਦਾਇਤਾਂ



**ਭਵਾਨੀਗੜ੍ਹ ( ਰਣਜੀਤ ਸਿੰਘ ਪੇਧਨੀ )-**ਭਾਰੀ ਮੀਂਹ ਪੈਣ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਐੱਸ.ਡੀ.ਐਮ. ਸ਼੍ਰੀਮਤੀ ਮਨਜੀਤ ਕੌਰ ਵੱਲੋਂ ਸਬ ਡਵੀਜ਼ਨ ਭਵਾਨੀਗੜ੍ਹ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸੇ ਦੌਰੇ ਦੌਰਾਨ ਭਵਾਨੀਗੜ੍ਹ ਸ਼ਹਿਰ ਵਿੱਚੋਂ ਲੰਘ ਰਹੇ ਰਾਸ਼ਟਰੀ ਮਾਰਗ ਐਨ.ਐਚ.07 ਨਾਭਾ ਕੈਂਚੀਆਂ ਤੋਂ ਸਮਾਣਾ ਕੈਂਚੀਆਂ ਤੱਕ ਬਣੇ ਫਲਾਈ ਓਵਰ ਦੇ ਹੇਠਲੇ ਪਾਸੇ ਬਹੁਤ ਜ਼ਿਆਦਾ ਪਾਣੀ ਖੜਾ ਸੀ, ਜਿਸ ਦੀ ਨਿਕਾਸੀ ਲਈ ਮੌਕੇ ’ਤੇ ਜੇ.ਸੀ.ਬੀ. ਬੁਲਾ ਕੇ ਕੰਮ ਸ਼ੁਰੂ ਕਰਵਾਇਆ ਗਿਆ। ਇਸ ਤੋਂ ਬਾਅਦ ਪਿੰਡ ਘਰਾਚੋਂ ਵਿਖੇ ਲੰਘ ਰਹੀ ਡਰੇਨ ਦਾ ਮੌਕਾ ਦੇਖਿਆ ਗਿਆ ਅਤੇ ਮੌਕੇ ’ਤੇ ਡਰੇਨ ਵਿੱਚੋਂ ਬੂਟੀ ਕਢਵਾਉਣ ਲਈ ਜੇ.ਸੀ.ਬੀ. ਬੁਲਾਈ ਗਈ ਅਤੇ ਕੰਮ ਸ਼ੁਰੂ ਕਰਵਾਇਆ ਗਿਆ। ਰੈਵਨਿਊ ਫੀਲਡ ਸਟਾਫ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਸਾਰੇ ਕਾਨੂੰਗੋ/ਪਟਵਾਰੀ ਆਪਣੇ-ਆਪਣੇ ਹਲਕੇ ’ਤੇ ਹਾਜ਼ਰ ਰਹਿਣਗੇ ਅਤੇ ਉਹਨਾਂ ਦੇ ਹਲਕੇ ਵਿੱਚ ਕੋਈ ਮੀਂਹ ਕਾਰਨ ਕੋਈ ਨੁਕਸਾਨ ਹੋਇਆ ਹੈ, ਉਸ ਦੀ ਰਿਪੋਰਟ ਤੁਰੰਤ ਸਦਰ ਦਫਤਰ ਨੂੰ ਕਰਨਗੇ। ਇਸ ਦੇ ਨਾਲ ਹੀ ਡਰੇਨੇਜ ਮਹਿਕਮੇ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਗਈ ਕਿ ਸਬ ਡਵੀਜ਼ਨ ਭਵਾਨੀਗੜ੍ਹ ਦੇ ਅੰਦਰ ਸਰਹਿੰਦ ਚੋਅ, ਨਰੈਣਗੜ੍ਹ ਡਰੇਨ ਜਾਂ ਕੋਈ ਹੋਰ ਡਰੇਨ ਲੰਘ ਰਹੀ ਹੈ, ਉਸ ਦੀ ਨਿਗਰਾਨੀ ਰੱਖਣਗੇ। ਜੇਕਰ ਕਿਸੇ ਵਜ੍ਹਾ ਕਾਰਨ ਪਾਣੀ ਓਵਰ ਫਲੋਅ ਹੁੰਦਾ ਹੈ ਤਾਂ ਤੁਰੰਤ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।


# ਬਜ਼ੁਰਗਾਂ ਤੇ ਬੱਚਿਆਂ ਨੂੰ ਘੱਗਰ ਦਰਿਆ ਨੇੜੇ ਨਾ ਜਾਣ ਦੀ ਸਲਾਹ

### ☛ ਜ਼ਿਲ੍ਹਾ ਪ੍ਰਸ਼ਾਸਨ ਨੇ ਪਸ਼ੂਆਂ ਨੂੰ ਵੀ ਦਰਿਆ ਤੋਂ ਦੂਰ ਰੱਖਣ ਦੀ ਕੀਤੀ ਅਪੀਲ ☛ ਅਫਵਾਹਾਂ ਉੱਤੇ ਯਕੀਨ ਨਾ ਕਰਨ ਅਤੇ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣ ਲਈ ਵੀ ਕਿਹਾ

**ਸੰਗਰੂਰ ( ਰਣਜੀਤ ਸਿੰਘ ਪੇਧਨੀ )-**ਲਗਾਤਾਰ ਹੋ ਰਹੀ ਬਾਰਸ਼ ਕਾਰਨ ਘੱਗਰ ਦਰਿਆ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਦੇ ਪਿੰਡ ਬਨਾਰਸੀ, ਬਾਓਪਰ, ਨਵਾਗਾਓਂ, ਜਸਵੰਤਪੁਰਾ ਉਰਫ ਹੋਤੀਪੁਰ, ਅੰਨਦਾਨਾ, ਸ਼ਾਹਪੁਰਥੇੜੀ, ਚਾਦੂੰ, ਮੰਡਵੀ, ਬੰਗਾਂ, ਖਨੌਰੀ ਕਲਾਂ, ਹਮੀਰਗੜ੍ਹ, ਸੁਰਜਨਭੈਣੀ, ਭੂੰਦੜਭੈਣੀ, ਸਲੇਮਗੜ੍ਹ, ਮਕਰੌੜ ਸਾਹਿਬ, ਫੂਲਦ, ਗਨੌਟਾ, ਘਮੂਰਘਾਟ, ਰਾਮਪੁਰਾ ਗੁਜਰਾਂ, ਹਾਂਡਾ, ਕੁਦਨੀ, ਵਜੀਦਪੁਰ, ਕਬੀਰਪੁਰ, ਕੜੈਲ, ਬੁਸਹਿਰਾ, ਮੂਨਕ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਸੁਰੱਖਿਆ ਦੇ ਮੱਦੇਨਜ਼ਰ ਬਜ਼ੁਰਗ ਅਤੇ ਬੱਚੇ ਦਰਿਆ ਦੇ ਨੇੜੇ ਨਾ ਜਾਣ ਅਤੇ ਨਾ ਹੀ ਆਪਣੇ ਪਸ਼ੂਆਂ ਨੂੰ ਦਰਿਆ ਨੇੜੇ ਲੈ ਕੇ ਜਾਣ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਲਾਹਕਾਰੀ ਜਾਰੀ ਕਰਦੇ ਹੋਏ ਇਹਨਾਂ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਉੱਤੇ ਯਕੀਨ ਨਾ ਕਰਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੂਰੀ ਤਰ੍ਹਾਂ ਸਹਿਯੋਗ ਕਰਨ। ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਉਹਨਾਂ ਦੀ ਸੁਰੱਖਿਆ ਲਈ 24 ਘੰਟੇ ਹਾਜ਼ਰ ਹਨ। ਉਹਨਾਂ ਕਿਹਾ ਕਿ ਦਰਿਆ ਵਿੱਚ ਇਸ ਵੇਲੇ ਪਾਣੀ ਦਾ ਪੱਧਰ 748.7 ਫੁੱਟ ਹੈ, ਜੋ ਕਿ ਖਤਰੇ ਦੇ ਨਿਸ਼ਾਨ 748 ਫੁੱਟ ਤੋਂ ਜਿਆਦਾ ਹੈ। ਉਹਨਾਂ ਕਿਹਾ ਕਿ ਸਾਲ 2023 ਵਿੱਚ ਘੱਗਰ ਦਰਿਆ ਵਿੱਚ 753 ਫੁੱਟ ਉੱਤੇ ਪਾੜ ਪਏ ਸਨ। ਦਰਿਆ ਦੇ ਆਲੇ ਦੁਆਲੇ ਦੇ ਖੇਤਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, 15 ਸੰਵੇਦਨਸ਼ੀਲ ਥਾਵਾਂ, ਜਿੱਥੇ 2023 ਵਿੱਚ ਪਾੜ ਪਿਆ ਸੀ ਅਤੇ ਦਰਿਆ ਦੇ ਨਾਲ ਲੱਗਦੇ ਹੋਰ ਸਥਾਨਾਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਜੰਬੋ ਬੈਗਾਂ ਸਮੇਤ ਰੇਤ ਦੀਆਂ ਬੋਰੀਆਂ ਨਾਲ ਦਰਿਆ ਦੇ ਕੰਢਿਆਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਪਿਛਲੇ ਤਿੰਨ ਦਿਨਾਂ ਤੋਂ ਠੀਕਰੀ ਪਹਿਰੇ ਵੀ ਸ਼ੁਰੂ ਕੀਤੇ ਹੋਏ ਹਨ। ਡਰੇਨੇਜ ਵਿਭਾਗ, ਮਾਲ ਵਿਭਾਗ, ਮੰਡੀ ਬੋਰਡ ਅਤੇ ਪੰਚਾਇਤ ਵਿਭਾਗ ਦੇ ਕਰਮਚਾਰੀਆਂ, ਸਥਾਨਕ ਪਿੰਡ ਵਾਸੀਆਂ ਸਮੇਤ, ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ, ਜੋ ਲਗਾਤਾਰ ਇਨ੍ਹਾਂ ਸੰਵੇਦਨਸ਼ੀਲ ਥਾਵਾਂ ਦੀ ਨਿਗਰਾਨੀ ਕਰ ਰਹੀਆਂ ਹਨ। ਇਸ ਤੋਂ ਇਲਾਵਾ ਰਾਤ ਦੇ ਸਮੇਂ ਦਰਿਆ ਦੇ ਕੰਢਿਆਂ ’ਤੇ ਪੁਲਿਸ ਗਸ਼ਤ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਡਰੇਨੇਜ ਵਿਭਾਗ ਨਾਲ 87250-29785 ’ਤੇ ਜਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ 01672-234196 ’ਤੇ ਜਾਂ ਮੂਨਕ ਕੰਟਰੋਲ ਰੂਮ ਨਾਲ 97802-95132 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਐਸ.ਡੀ.ਐਮ. ਰਾਜੇਸ਼ ਸ਼ਰਮਾ, ਓ.ਐਸ.ਡੀ. ਤਪਿੰਦਰ ਸਿੰਘ ਸੋਹੀ ਅਤੇ ਚੇਅਰਪਰਸਨ ਜਸਵੀਰ ਕੌਰ ਸ਼ੇਰਗਿੱਲ ਵੱਲੋਂ ਵੱਖ ਵੱਖ ਪਿੰਡਾਂ ਦਾ ਦੌਰਾ

# ਹਲਕਾ ਦਿੜ੍ਹਬਾ ਦੇ ਮੀਂਹ ਕਾਰਨ ਨੁਕਸਾਨੇ ਮਕਾਨਾਂ ਦਾ ਲਿਆ ਜਾਇਜ਼ਾ





**ਦਿੜ੍ਹਬਾ( ਰਣਜੀਤ ਸਿੰਘ ਪੇਧਨੀ )**-ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਹਲਕਾ ਦਿੜ੍ਹਬਾ ਦੇ ਪਿੰਡਾਂ ਵਿੱਚ ਕਈ ਘਰਾਂ ਦੇ ਨੁਕਸਾਨੇ ਜਾਣ ਦੀਆਂ ਰਿਪੋਰਟਾਂ ਮਿਲੀਆਂ ਹਨ, ਜਿਸ ਦੇ ਮੱਦੇਨਜ਼ਰ ਦਿੜ੍ਹਬਾ ਦੇ ਐਸ.ਡੀ.ਐਮ. ਰਾਜੇਸ਼ ਸ਼ਰਮਾ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਓ. ਐੱਸ.ਡੀ. ਤਪਿੰਦਰ ਸਿੰਘ ਸੋਹੀ ਅਤੇ ਮਾਰਕੀਟ ਕਮੇਟੀ ਦਿੜ੍ਹਬਾ ਦੀ ਚੇਅਰਪਰਸਨ ਜਸਵੀਰ ਕੌਰ ਸ਼ੇਰਗਿੱਲ ਅਤੇ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਨੁਕਸਾਨੇ ਗਏ ਘਰਾਂ ਦਾ ਜਾਇਜਾ ਲਿਆ। ਪਿੰਡ ਢੰਡੋਲੀ ਖੁਰਦ ਦੇ ਹਰਪ੍ਰੀਤ ਸਿੰਘ, ਬਿੱਕਰ ਸਿੰਘ ਅਤੇ ਗੁਲਾਬ ਕੌਰ, ਪਿੰਡ ਢੰਡੋਲੀ ਕਲਾਂ ਦੇ ਬਿੰਦਰ ਸਿੰਘ, ਦਿਆਲਗੜ੍ਹ ਜੇਜੀਆਂ ਦੀ ਸੁਖਜੀਤ ਕੌਰ, ਸ਼ੀਸ਼ਾ ਸਿੰਘ, ਸੋਨੀ ਕੌਰ ਅਤੇ ਪਾਸਾ ਸਿੰਘ ਦੇ ਘਰਾਂ ਨੂੰ ਬਾਰਿਸ਼ ਦੇ ਕਾਰਨ ਨੁਕਸਾਨ ਪਹੁੰਚਿਆ ਹੈ ਕਈ ਘਰਾਂ ਦੀ ਛੱਤ ਵੀ ਡਿੱਗ ਗਈਆਂ ਹਨ। ਇਸ ਮੌਕੇ ਮਕਾਨਾਂ ਦੇ ਮਾਲਕਾਂ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਨੁਕਸਾਨੇ ਘਰਾਂ ਦਾ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਹਦਾਇਤਾਂ ਆਈਆਂ ਹਨ ਕਿ ਕੁਦਰਤੀ ਆਫਤ ਦੇ ਨਾਲ ਹੋਏ ਨੁਕਸਾਨ ਦਾ ਪੀੜਿਤ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਇਸ ਮੌਕੇ ਸਬੰਧਤ ਪਟਵਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਸਾਰੇ ਨੁਕਸਾਨੇ ਗਏ ਘਰਾਂ ਦੀ ਰਿਪੋਰਟ ਤਿਆਰ ਕਰਕੇ ਦਿੱਤੀ ਜਾਵੇ ਤਾਂ ਕਿ ਅੱਗੇ ਪੰਜਾਬ ਸਰਕਾਰ ਨੂੰ ਭੇਜ ਕੇ ਜਲਦੀ ਤੋਂ ਜਲਦੀ ਮੁਆਵਜ਼ਾ ਪੀੜਿਤ ਪਰਿਵਾਰਾਂ ਨੂੰ ਦਿੱਤਾ ਜਾ ਸਕੇ। ਕਿਸੇ ਵੀ ਪੀੜਤ ਪਰਿਵਾਰ ਨੂੰ ਮੁਆਵਜ਼ੇ ਤੋਂ ਬਿਨਾਂ ਨਹੀਂ ਰਹਿਣ ਦਿੱਤਾ ਜਾਵੇਗਾ। ਇਸ ਮੌਕੇ ਬੀਡੀਪੀਓ ਦਿੜ੍ਹਬਾ ਪ੍ਰਦੀਪ ਸ਼ਾਰਦਾ, ਕਾਨੂੰਨਗੋ ਦਵਿੰਦਰਪਾਲ ਸਿੰਘ, ਰਿੰਪੀ ਸਬੰਧਤ ਪਟਵਾਰੀ, ਆਮ ਆਦਮੀ ਪਾਰਟੀ ਦੇ ਹਲਕਾ ਕਿਸਾਨ ਵਿੰਗ ਦੇ ਇੰਚਾਰਜ ਪਰਗਟ ਸਿੰਘ ਕਲੇਰ ਅਤੇ ਪਿੰਡਾਂ ਦੇ ਸਰਪੰਚ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਾਡੀਆਂ ਫ਼ਸਲਾਂ ਤੇ ਨਸਲਾਂ ਨੂੰ

# ਤਬਾਹ ਕਰ ਰਹੀ ਕੇਂਦਰ ਸਰਕਾਰ : ਭੁਪਿੰਦਰ ਸਿੰਘ/ਗਗਨਦੀਪ ਸਿੰਘ/ਮਨਪ੍ਰੀਤ ਸਿੰਘ



**ਅੰਮ੍ਰਿਤਸਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਅਤੇ ਜਥੇਬੰਧਕ ਸਕੱਤਰ ਭਾਈ ਮਨਪ੍ਰੀਤ ਸਿੰਘ ਮੰਨਾ ਨੇ ਕਿਹਾ ਕਿ ਸਰਕਾਰ ਸਾਡੀਆ ਜ਼ਮੀਨਾਂ ਦੇ ਨਾਲ ਸਾਡੀਆ ਨਸਲਾਂ ਵੀ ਬਰਬਾਦ ਕਰਨ ਤੇ ਤੁਲੀ ਹੋਈ ਹੈ, ਹਿੰਦੁਸਤਾਨ ਸਿੱਖਾਂ ਲਈ ਫਿਕਰਮੰਦ ਨਹੀਂ, ਇਸ ਲਈ ਅਸੀ ਹਿੰਦੁਸਤਾਨ ਦਾ ਠੇਕਾ ਨਹੀਂ ਚੁੱਕਿਆ।ਸੈਂਟਰ ਗੌਰਮੈਂਟ ਸਾਡੀਆ ਜ਼ਮੀਨਾਂ,ਫ਼ਸਲਾਂ ਦੇ ਨਾਲ ਸਾਡੀਆ ਨਸਲਾਂ ਸਾਡੇ ਘਰ ਨਿੱਜੀ ਜਾਇਦਾਦਾਂ ਸਾਡੇ ਪਸ਼ੂ ਸਭ ਬਰਬਾਦ ਕਰਨ ਤੇ ਤੁਲੀ ਹੋਈ । ਇਹ ਕੋਈ ਨਵੀਂ ਗੱਲ ਨਹੀਂ,ਪਹਿਲਾ ਬਹੁਤ ਹਕੂਮਤਾਂ ਆਈਆ ਪੰਜਾਬ ਨੂੰ ਖਤਮ ਕਰਨ ਲਈ, ਪਰ ਪੰਥ ਅਤੇ ਪੰਜਾਬ ਹੋਰ ਚੜ੍ਹਦੀਕਲਾ ਵਿੱਚ ਰਿਹਾ ।ਹਕੂਮਤ ਦੇ ਕੀਤੇ ਜ਼ੁਲਮਾਂ ਉੱਪਰ ਹੱਸਦਾ ਰਿਹਾ। ਪਹਿਲਾ ਸਾਡੀ ਨੌਜਵਾਨੀ ਦਾ ਕਤਲੇਆਮ ਕੀਤਾ । ਫਿਰ ਨਸ਼ੇ ਰਾਹੀਂ ਮਾਰ ਮਾਰੀ ।ਓਦੋਂ ਵੀ ਸਰਕਾਰ ਨੇ ਨੌਜਵਾਨੀ ਨੂੰ ਅੱਤਵਾਦੀ ਦੱਸ ਕੇ ਓਹਨਾ ਦੀਆ ਜ਼ਮੀਨਾਂ ਤੇ ਕਬਜ਼ਾ ਕੀਤਾ ।ਇਹ ਰਵਈਆ ਸਰਾਕਰ ਦਾ ਕੋਈ ਨਵਾਂ ਨਹੀਂ ,ਇਹ ਹਕੂਮਤਾਂ ਪਹਿਲਾ ਤੋਂ ਹੀ ਪੰਜਾਬ ਦੀਆਂ ਦੁਸ਼ਮਣ ਰਹੀਆਂ ।ਹੁਣ 4,5 ਸਾਲਾ ਤੋਂ ਹੜਾ ਵਾਲਾ ਢਕਵੰਜ ਰਚਿਆ ਹੋਇਆ ਸਰਕਾਰ ਨੇ ।ਕੋਈ ਗੱਲ ਨਹੀਂ ਅਸੀ ਚੜ੍ਹਦੀਕਲਾ ਵਿੱਚ ਹਾਂ ਅੱਗੇ ਵੀ ਰਹਾਂਗੇ। ਪਰ ਇਹ ਹਕੂਮਤ ਦੇ ਜ਼ੁਲਮ ਦਾ ਅੰਤ ਨੇੜੇ ਹੈ। 84 ਦੇ ਹਮਲੇ ਤੋਂ ਬਾਅਦ ਵੀ ਸਰਕਾਰ ਨੇ ਬਹੁਤ ਜ਼ੋਰ ਲਾਇਆ ਸੀ ਕਿ ਅਸੀਂ ਪੰਜਾਬ ਦੱਬ ਲਿਆ , ਪੰਜਾਬ ਵਿੱਚੋਂ ਸਿੱਖੀ ਖਤਮ ਹੋ ਗਈ। ਪਰ ਨਹੀਂ ਸਾਡੇ ਓਹਨਾ ਯੋਧਿਆਂ ਨੇ 10 ਸਾਲ ਹਕੂਮਤ ਦੀ ਸੰਘੀ ਨੱਪ ਰੱਖੀ ਸੀ ।ਇੱਕ ਵਾਰ ਤਾਂ ਸਰਕਾਰ ਅੰਦਰੋ ਤੌਬਾ ਕਰ ਗਈ ਸੀ ਕਿ ਕਿੱਥੇ ਮੱਥਾ ਲਾ ਲਿਆ। ਹੁਣ ਵੀ ਸਰਕਾਰ ਇਹੋ ਕੁਝ ਕਰ ਰਹੀ ਹੈ ।ਆਪਣੇ ਫਾਇਦੇ ਲਈ ਪੰਜਾਬ ਦੀਆ ਜ਼ਮੀਨਾਂ ਹੜਪਣ ਦੀ ਕੋਸ਼ਿਸ਼ ਕੀਤੀ ।ਜਦੋਂ ਪੁੱਤਾ ਵਾਂਗ ਪਾਲੀਆਂ ਜ਼ਮੀਨਾਂ ਦੇਣ ਤੋਂ ਮਨਾ ਕੀਤਾ। ਜੱਦੋ ਜਾਹਿਦ ਕਰਨੀ ਪਈ ।ਵਿਚਲੀ ਗੱਲ ਇਹ ਵੀ ਸੀ ਕਿ ਕਿਸਾਨੀ ਮੋਰਚੇ ਵਿੱਚ ਵੀ ਸਰਕਾਰ ਨੂੰ ਪੰਜਾਬ ਦੀ ਜੋਸ਼ ਜਵਾਨੀ ਨਸਲ ਅੱਗੇ ਗੋਡੇ ਟੇਕਣੇ ਪਏ ।ਆਪਣੀ ਇਹ ਹਾਰ ਬਰਦਾਸ਼ਤ ਨਹੀਂ ਹੋਈ। ਫਿਰ ਹੁਣ ਸਰਕਾਰ ਕੇ ਤਰੀਕਾ ਅਪਣਾਇਆ ਹੜ੍ਹਾਂ ਵਾਲਾ। ਜ਼ਮੀਨ ,ਫ਼ਸਲਾਂ ਨਾਲ ਨਸਲਾਂ ਨੂੰ ਵੀ ਤਬਾਹ ਕਰਨ ਦੀ ਕੋਸ਼ਿਸ ਕੀਤੀ। ਪਰ ਅਸੀ ਵੀ ਲੋੜ ਪੈਣ ਤੇ ਮਾਛੀਵਾੜੇ ਦੇ ਜੰਗਲਾਂ ਵਿੱਚ ਦਿਨ ਕੱਟੇ ਨੇ ।ਅਸੀ ਤਾਂ ਵਰ੍ਹਦੀ ਸਰਸਾ ਨਦੀ ਵੀ ਪਾਰ ਕੀਤੀ ਆ ।ਵਰ੍ਹਦੀ ਸਰਸਾ ਵਿੱਚ ਜੰਗ ਵੀ ਲੜੀ ਆ ।ਅਸੀ ਇਹ ਹੜਾ ਤੋਂ ਮਰਨ ਵਾਲੇ ਨਹੀਂ। ਅਸੀ ਚੜ੍ਹਦੀਕਲਾ ਵਿੱਚ ਹਾਂ ਅਤੇ ਅਗਾਂਹ ਵੀ ਰਹਾਂਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਮੇਰੇ ਵਿਆਹ ਲਈ ਇਕੱਠੀ ਕੀਤੀ ਜਮਾਂ ਪੂੰਜੀ ਹੜ੍ਹ ਪੀੜਤ ਪਰਿਵਾਰਾਂ ਲਈ



ਵਿਆਹ ਰੱਖਿਆ ਹੋਇਆ ਮੇਰਾ ਅਗਲੇ ਮਹੀਨੇ ਘਰਦਿਆਂ ਨੇ, ਮੇਰੀ ਇੱਛਾ ਸੀ ਕਿ ਆਪਣੇ ਅਨੰਦ ਕਾਰਜ ਗੁਰਮਤਿ ਅਨੁਸਾਰ ਕਰਦਿਆਂ ਇਕ ਗੁਰਮਤਿ ਸਮਾਗਮ ਕਰਵਾਵਾਂ । ਜਿਸ ਵਿੱਚ ਪੰਥ ਦੇ ਪ੍ਰਸਿੱਧ ਕਥਾਵਾਚਕ ਅਤੇ ਰਾਗਾਂ ਵਿੱਚ ਕੀਰਤਨ ਕਰਨ ਵਾਲ਼ੇ ਮਹਾਨ ਕੀਰਤਨੀਏ ਅਤੇ ਪੰਥ ਪ੍ਰਸਿੱਧ ਢਾਢੀ ਕਵੀਸ਼ਰ ਬੁਲਾ ਕੇ ਜ਼ਿੰਦਗੀ ਦੇ ਇਸ ਨਵੇਂ ਪੜਾਅ ਦੀ ਆਰੰਭਤਾ ਤੇ ਆਪਣੇ ਓਨ੍ਹਾਂ ਸੱਭ ਗੁਰਸਿੱਖਾਂ ਅਤੇ ਸੰਗਤਾਂ ਰਿਸ਼ਤੇਦਾਰਾਂ ਸਕੇ ਸੰਬੰਧੀਆਂ ਦੀਆਂ ਖੁਸ਼ੀਆਂ ਲਵਾਂ ਜੋ ਮੈਨੂੰ ਅਥਾਹ ਪਿਆਰ ਦਿੰਦੇ ਨੇ ।

ਆਪਣੀ ਇਹ ਇੱਛਾ ਮੈਂ ਦੋ ਸਾਲ ਪਹਿਲਾਂ ਅਮਰੀਕਾ ਗਏ ਹੋਏ ਆਪਣੇ ਵੱਡੇ ਭਰਾ ਰਾਗੀ ਭਾਈ ਮਨਮੋਹਨ ਸਿੰਘ ਜੀ ਪਾਉਂਟਾ ਸਾਹਿਬ ਵਾਲ਼ਿਆਂ ਨੂੰ ਦੱਸੀਂ ।ਘਰ ਦਾ ਇਕੱਲਾ ਪੁੱਤ ਮੈਂ ਵਿਆਹੁਣ ਨੂੰ ਰਹਿੰਨਾਂ । ਘਰ ਦਾ ਹਰ ਜੀਅ, ਰਿਸ਼ਤੇਦਾਰ ਅਤੇ ਪਰਮਪ੍ਰੀਤ ਸਿੰਘ ਪ੍ਰੀਤ ਵਰਗੇ ਪਿਆਰੇ ਮਿੱਤਰ ਅਤੇ ਮੇਰੇ ਸਮੂੰਹ ਵਿਦਿਆਰਥੀ ਬੜੇ ਚਾਅ ਨਾਲ਼ ਸੱਭ ਮੇਰੇ ਵਿਆਹ ਦੀ ਉਡੀਕ ਵਿੱਚ ਨੇ ।

ਪੰਜ ਛੇ ਦਿਨਾਂ ਤੋਂ ਮੇਰੇ ਦੇਸ਼ ਪੰਜਾਬ ਦੇ ਹੜ੍ਹਾਂ ਵਿੱਚ ਡੁੱਬਦੇ ਹਾਲ ਨੂੰ ਵੇਖ ਕੇ ਮੈਂ ਉਦਾਸ ਹਾਂ । ਕੱਲ੍ਹ ਵੱਡੇ ਭਰਾ ਨੂੰ ਫ਼ੋਨ ਕਰਕੇ ਮੈਂ ਕਿਹਾ ਕਿ ਮੇਰੇ ਵਿਆਹ ਲਈ ਜੋ ਵੀ ਇਕੱਠੀ ਕੀਤੀ ਮਾਇਆ ਹੈ ਉਹ ਮੈਂ ਹੜ੍ਹ ਪੀੜਤ ਪਰਿਵਾਰਾਂ ਦੀ ਸੇਵਾ ਵਿੱਚ ਲਾਉਣੀ ਚਾਹੁੰਨਾਂ ਅਤੇ ਵਿਆਹ ਬਿਲਕੁੱਲ ਸਾਦਾ ਕਰਵਾਉਣਾ ਚਾਹੁੰਦਾ ਹਾਂ । ਵੱਡੇ ਭਰਾ ਨੇ ਮੇਰੇ ਅੰਦਰ ਦੇ ਦਰਦ ਨੂੰ ਵੇਖਦਿਆਂ ਹਾਮੀਂ ਭਰੀ ।ਇੰਨੇ ਵੱਡੇ ਨੁਕਸਾਨ ਦੀ ਭਰਪਾਈ ਕਰਨੀ ਤੇ ਬਹੁਤ ਅਉਖੀ ਹੈ ਪਰ ਚਿੜੀ ਦੀ ਚੁੰਝ ਵਿੱਚ ਇਕ ਬੂੰਦ ਪਾਣੀ ਨਾਲ਼ ਜੰਗਲ਼ ਦੀ ਅੱਗ ਤੇ ਨੀ ਬੁੱਝ ਸਕਦੀ ਪਰ ਨਾਂ ਅੱਗ ਬੁਝਾਉਣ ਵਾਲ਼ਿਆਂ ਵਿੱਚ ਤੇ ਆ ਜਾਵੇਗਾ । ਘਰ ਉਜੜਣ ਦਾ ਦਰਦ ਮੈਂ ਸਹਿਨ ਕੀਤਾ ਹੈ ।2021 ਵਿੱਚ ਭਾਰੀ ਮੀਂਹ ਪੈਣ ਕਾਰਨ ਮੇਰਾ ਘਰ ਵੀ ਡਿੱਗ ਗਿਆ ਸੀ ।ਪਰ ਓਦੋਂ ਇਹੀ ਮੇਰਾ ਪੰਜਾਬ ਮੇਰੇ ਨਾਲ਼ ਖੜ੍ਹਿਆ ।ਸਿੱਖ ਸੰਗਤਾਂ ਨੇ ਮੇਰਾ ਸਾਥ ਦਿੱਤਾ ।ਇਸੇ ਪੰਜਾਬ ਨੇ ਮੈਨੂੰ ਇਕ ਨਾਂ ਦਿੱਤਾ ।ਸੱਭ ਤੋਂ ਵੱਧ ਕਥਾ ਦੇ ਪ੍ਰੋਗਰਾਮ ਵੀ ਮੈਂ ਮਾਝੇ ਇਲਾਕੇ ਵਿੱਚ ਕੀਤੇ ।ਪੰਜਾਬ ਮੇਰੀ ਕਰਮ ਭੂਮੀ ਹੈ ।ਮੈਂ ਇਨ੍ਹਾਂ ਮਾੜੇ ਹਾਲਾਤਾਂ ਵਿੱਚ ਹੋਰ ਤਾਂ ਕੁੱਝ ਨੀ ਕਰ ਸਕਦਾ ਪਰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਆਪਣੇ ਵਿਆਹ ਤੇ ਬਿਲਕੁੱਲ ਵੀ ਖ਼ਰਚਾ ਨੀ ਕਰਾਂਗਾ ।ਕੋਈ ਕਾਰਡ ਨੀ ਛਪਵਾਵਾਂਗਾ ।ਤਰ੍ਹਾਂ ਦੀਆਂ ਮਿਠਾਈਆਂ ਤੇ ਹੋਰ ਪਕਵਾਨ ਵੀ ਨੀ ਬਣਨਗੇ ।ਜੋੜਿਆ ਹੋਇਆ ਸੱਭ ਪੈਸਾ ਜਮ੍ਹਾਂ ਪੂੰਜੀ ਤੁਹਾਡੇ ਤੇ ਕੁਰਬਾਨ ਮੇਰੇ ਵੀਰੋ । ਡੋਲ੍ਹਣਾ ਨੀ ਆਪਾਂ ।ਸਰਸਾ ਚੇਤੇ ਕਰੋ ।ਸਰਸਾ 'ਚੋਂ ਲੰਘਦੇ ਕਲਗੀਧਰ ਪਿਤਾ ਜੀ ਦੇ ਘੋੜਿਆਂ ਦੇ ਖੁਰਾਂ ਵਿੱਚੋਂ ਸਿੰਮਦਾ ਪਾਣੀ ਚੇਤੇ ਕਰੋ ।ਗੁਰੂ ਸਾਡੇ ਨੇ ਸਾਨੂੰ ਵੱਸਣਾ ਘੱਟ ਤੇ ਉਜੜਨਾ ਜ਼ਿਆਦਾ ਸਿਖਾਇਆ ।ਅਨੰਦਪੁਰ ਸਾਹਿਬ ਦੀਆਂ ਸੁੰਞੀਆਂ ਗਲ਼ੀਆਂ ਚੇਤੇ ਕਰੋ । ਆਪਣੀ ਸਾਰੀ ਜ਼ਿੰਦਗੀ ਘੋੜਿਆਂ ਦੀਆਂ ਕਾਠੀਆਂ ਤੇ ਬੀਕਾਨੇਰ ਦੇ ਜੰਗਲ਼ਾਂ ਵਿੱਚ ਭੁੱਜੇ ਛੋਲਿਆਂ ਦੇ ਫੱਕੇ ਮਾਰ ਕੇ ਬਤੀਤ ਕਰਨ ਵਾਲ਼ੇ ਸਾਡੇ ਪੁਰਖੇ ਸਾਡੇ ਨਾਲ਼ ਖੜ੍ਹੇ ਨੇ ।ਓਨ੍ਹਾਂ ਨੂੰ ਚੇਤੇ ਕਰੋ ।47 ਲੰਘ ਗਈ, 84 ਲੰਘ ਗਈ, 88 ਲੰਘ ਗਈ ਲੰਘ ਇਹਨੇ ਵੀ ਜਾਣਾ । ਅਸੀਂ ਸਾਰੇ ਤੱਤੀ ਤਵੀ ਤੇ ਬੈਠਣ ਵਾਲ਼ੇ ਗੁਰੂ ਦੇ ਸਿੱਖ ਹਾਂ ।ਅਨੰਦਪੁਰੀ ਦੀਆਂ ਪੁਰੇ ਦੀਆਂ ਵਾਵਾਂ ਛੱਡ ਕੇ ਕੰਡਿਆਂ ਦੀ ਸੇਜ਼ਾ ਤੇ ਮੁਰੀਦਾਂ ਦਾ ਹਾਲ ਰਜ਼ਾਈਆਂ ਨੂੰ ਰੋਗ ਦੱਸ ਕੇ ਸੁਣਾਉਣ ਵਾਲ਼ੇ ਦੇ ਸਿੱਖ ਹਾਂ ।ਡੋਲ੍ਹਣਾ ਨੀ ਥਿੜਕਣਾ ਨੀ ।ਸ਼ੁਕਰਾਨੇ ਵਿੱਚ ਰਹਿਣਾ ਆਪਾਂ ।ਅਸੀਂ ਸਾਰੇ ਇਕ ਹਾਂ । ਹਾਕਮ ਇੰਨੀ ਛੇਤੀ ਨੀ ਦੇਸ਼ ਪੰਜਾਬ ਦੀ ਪਿੱਠ ਲਾ ਸਕਦਾ ।ਤੁਹਾਡਾ ਪਾਣੀਆਂ ਵਿੱਚ ਖੜ੍ਹ ਕੇ ਹੱਸਣਾ ਹਾਕਮ ਦੀ ਸੱਭ ਤੋਂ ਵੱਡੀ ਹਾਰ ਹੈ । ਮੇਰੇ ਵੱਲੋਂ ਇੰਨੀ ਕੁ ਹੀ ਸੇਵਾ ਪਰਵਾਣ ਕਰਿਓ ।

**- ਗਿਆਨੀ ਦੀਪ ਸਿੰਘ ਪਾਉਂਟਾ ਸਾਹਿਬ, ਵਿਦਿਆਰਥੀ ਦਮਦਮੀ ਟਕਸਾਲ**

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਖੁੱਡਾ ਦੀ ਸੰਗਤ ਨੇ ਡੇਰਾ ਬਾਬਾ ਨਾਨਕ ਦੇ ਪਿੰਡਾਂ ਵਿੱਚ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ : ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ/ਪ੍ਰਧਾਨ ਬਲਵੀਰ ਸਿੰਘ ਪੱਪੀ




**ਅੰਮ੍ਰਿਤਸਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੁੱਡਾ ਦੀ ਸੰਗਤ ਵੱਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਪਹੁੰਚਾਈ ਗਈ। ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਅਤੇ ਗੁਰਦੁਆਰਾ ਸਿੰਘ ਸਭਾ ਵੱਡੀ ਬੋਹੜ ਦੇ ਪ੍ਰਧਾਨ ਭਾਈ ਬਲਬੀਰ ਸਿੰਘ ਪੱਪੀ ਨੇ ਕਿਹਾ ਕਿ ਹੜ੍ਹਾਂ ਦੇ ਪਾਣੀ ਕਰਕੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਭਾਰੀ ਨੁਕਸਾਨ ਹੋਇਆ ਹੈ ਤੇ ਇਸ ਸਮੇਂ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਫ਼ਲਸਫ਼ੇ ਉੱਤੇ ਪਹਿਰਾ ਦਿੰਦਿਆਂ ਹਰੇਕ ਸਿੱਖ ਅਤੇ ਪੰਜਾਬੀ ਨੂੰ ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਉਹਨਾਂ ਦੱਸਿਆ ਕਿ ਪਿੰਡ ਖੁੱਡਾ ਅਤੇ ਜੀਆ ਨੱਥਾ ਦੇ ਵਾਸੀਆਂ ਅਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਚਾਰ-ਪੰਜ ਟਰਾਲੀਆਂ ਸਮਾਨ ਦੀਆਂ ਭਰ ਕੇ ਪਿੰਡ ਖੁੱਡਾ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਦੇ ਆਸ-ਪਾਸ ਪਿੰਡਾਂ ਵਿੱਚ ਪਹੁੰਚਾ ਕੇ ਆਏ ਹਾਂ। ਹੜ੍ਹ ਪੀੜਤਾਂ ਲਈ ਰਸਦ, ਆਟਾ, ਖੰਡ, ਬਿਸਕੁਟ, ਸਾਬਣ, ਟੁੱਥ ਪੇਸਟ, ਮੱਛਰਦਾਨੀਆਂ, ਦਵਾਈਆਂ, ਬਰੈਡਾਂ, ਕੱਪੜੇ, ਪਸ਼ੂਆਂ ਦੀ ਫੀਡ, ਚਾਰਾ, ਪਾਣੀ ਅਤੇ ਲੰਗਰ ਆਦਿਕ ਵਸਤਾਂ ਲੋਕਾਂ ਵਿੱਚ ਵੰਡੀਆਂ ਹਨ ਤਾਂ ਜੋ ਉਹਨਾਂ ਨੂੰ ਕੁਝ ਰਾਹਤ ਮਿਲ ਸਕੇ। ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਅਤੇ ਭਾਈ ਬਲਬੀਰ ਸਿੰਘ ਪੱਪੀ ਨੇ ਕਿਹਾ ਕਿ ਇਸ ਰਾਸ਼ਨ ਸਮੱਗਰੀ ਵਾਸਤੇ ਜਿਨ੍ਹਾਂ ਵੀ ਸ਼ਖਸੀਅਤਾਂ, ਸੱਜਣਾਂ ਅਤੇ ਸੰਗਤਾਂ ਨੇ ਸਹਿਯੋਗ ਕੀਤਾ, ਦੋਵਾਂ ਗੁਰਦੁਆਰਾ ਸਾਹਿਬਾਂ ਵਿੱਚ ਸੰਗਤਾਂ ਨੇ ਬੈਠ ਕੇ ਪੈਕਿੰਗ ਦੀ ਸੇਵਾ ਨਿਭਾਈ, ਅਸੀਂ ਸਭ ਦਾ ਧੰਨਵਾਦ ਕਰਦੇ ਹਾਂ। ਉਹਨਾਂ ਕਿਹਾ ਕਿ ਡੇਰਾ ਬਾਬਾ ਨਾਨਕ ਇਲਾਕੇ ਵਿੱਚ ਅਜੇ ਹੋਰ ਵੀ ਸਮੱਗਰੀ ਦੀ ਲੋੜ ਹੈ ਤੇ ਅਸੀਂ ਅਗਾਂਹ ਵੀ ਆਪਣਾ ਫਰਜ਼ ਨਿਭਾਵਾਂਗੇ। ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਨੇ ਕਿਹਾ ਕਿ ਹੜ੍ਹ ਦੇ ਪਾਣੀ ਕਰਕੇ ਲੋਕਾਂ ਨੂੰ ਬਹੁਤ ਭਾਰੀ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਲੋਕਾਂ ਦਾ ਵੱਡੇ ਪੱਧਰ ਉੱਤੇ ਮਾਲੀ ਨੁਕਸਾਨ ਹੋਇਆ ਹੈ, ਘਰਾਂ ਦੇ ਘਰ ਤਬਾਹ ਹੋ ਚੁੱਕੇ ਹਨ, ਡੰਗਰ ਮਰ ਚੁੱਕੇ ਹਨ, ਬਿਮਾਰੀ ਫੈਲਣ ਦਾ ਵੀ ਡਰ ਹੈ, ਬਜ਼ੁਰਗਾਂ ਅਤੇ ਬੱਚਿਆਂ ਲਈ ਤਾਂ ਬਹੁਤ ਔਖਾ ਹੋਇਆ ਪਿਆ ਹੈ, ਲੋਕਾਂ ਦਾ ਸਮਾਨ ਖਰਾਬ ਹੋ ਚੁੱਕਾ ਤੇ ਰੁੜ ਚੁੱਕਾ ਹੈ, ਫਸਲਾਂ ਤੇ ਖੇਤ ਤਾਂ ਪਾਣੀ ਵਿੱਚ ਵਹਿ ਚੁੱਕੇ ਹਨ ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸਿਆਸੀ ਡਰਾਮੇਬਾਜ਼ੀ ਕਰਨ ਦੀ ਬਜਾਏ ਲੋਕਾਂ ਦੇ ਜਾਨੀ ਅਤੇ ਮਾਲੀ ਨੁਕਸਾਨ ਦਾ ਬਣਦਾ ਮੁਆਵਜ਼ਾ ਦੇਣ ਅਤੇ ਲੋਕਾਂ ਦੀ ਹਰ ਪ੍ਰਕਾਰ ਮਦਦ ਕਰਨ। ਉਹਨਾਂ ਕਿਹਾ ਕਿ ਇਹ ਹੜ੍ਹ ਗੈਰ ਕੁਦਰਤੀ ਨਹੀਂ ਬਲਕਿ ਸਰਕਾਰਾਂ ਵੀ ਜਿੰਮੇਵਾਰ ਹਨ, ਇਸ ਕਰਕੇ ਡੈਮਾਂ ਦਾ ਕੰਟਰੋਲ ਪੰਜਾਬ ਕੋਲ ਹੋਣਾ ਚਾਹੀਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਸੰਨ 1988 ਵਿੱਚ ਵੀ ਹੜ੍ਹਾਂ ਦੇ ਕਰਕੇ ਭਾਰੀ ਤਬਾਹੀ ਹੋਈ ਸੀ ਤੇ ਸੰਨ 2023 ਵਿੱਚ ਵੀ ਲੋਕਾਂ ਦਾ ਆਰਥਿਕ ਨੁਕਸਾਨ ਹੋਇਆ ਸੀ। ਇਸ ਮੌਕੇ ਭਾਈ ਮਨਪ੍ਰੀਤ ਸਿੰਘ, ਭਾਈ ਮਨੋਹਰ ਸਿੰਘ, ਭਾਈ ਸੁਰਜੀਤ ਸਿੰਘ ਗ੍ਰੰਥੀ, ਭਾਈ ਮਹਿੰਦਰ ਸਿੰਘ, ਭਾਈ ਸ਼ਾਮ ਸਿੰਘ ਜੀਆ ਨੱਥਾ, ਭਾਈ ਹੈਪੀ ਸਿੰਘ ਸੈਣੀ, ਭਾਈ ਕੁਲਦੀਪ ਸਿੰਘ, ਮੀਤ ਸਿੰਘ ਤੇ ਹੋਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਮਲ੍ਹਾ ਸਾਹਿਬ ਮੀਰਾਂਕੋਟ ਵਿਖੇ ਸਲਾਨਾ ਸ਼ਹੀਦੀ ਜੋੜ ਮੇਲਾ 21-22 ਭਾਦਰੋਂ (5-6 ਸਤੰਬਰ) ਨੂੰ

ਹਰਿਮੰਦਰ ਸਾਹਿਬ ਦੀ ਬੇਅਦਬੀ ਕਰਦੇ ਮੱਸੇ ਰੰਗੜ ਨੂੰ ਸੋਧਣ ਵਾਲੇ 18ਵੀਂ ਸਦੀ ਦੇ ਸੂਰਬੀਰ ਸ਼ਹੀਦ ਬਾਬਾ ਮਹਿਤਾਬ ਸਿੰਘ ਮੀਰਾਂਕੋਟ, ਸ਼ਹੀਦ ਬਾਬਾ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਮੱਸੇ ਰੰਗੜ ਦੀ ਮੌਤ ਦਾ ਬਦਲਾ ਲੈਣ ਆਈ ਮੁਗਲ ਫੌਜ ਦਾ ਟਾਕਰਾ ਕਰਕੇ ਸ਼ਹੀਦ ਹੋਣ ਵਾਲੇ ਯੋਧੇ ਚੌਧਰੀ ਨੱਥੂ ਖਹਿਰਾ, ਉਹਨਾ ਦੇ ਪੁੱਤਰ ਅਤੇ ਮਜਬੀ ਸਿੰਘ ਨੌਜਵਾਨ ਦੀ ਯਾਦ ਵਿੱਚ ਇਲਾਕੇ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਮਲ੍ਹਾ ਸਾਹਿਬ ਮੀਰਾਂਕੋਟ ਵਿਖੇ 21-22 ਭਾਦਰੋਂ (5-6 ਸਤੰਬਰ) ਨੂੰ ਸਲਾਨਾ ਸ਼ਹੀਦੀ ਜੋੜਮੇਲਾ ਅਯੋਜਿਤ ਕੀਤਾ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਤੋਂ ਮਿਲੀ ਜਾਣਕਾਰੀ ਅਨੁਸਾਰ ਜਦੋਂ ਮੱਸੇ ਰੰਗੜ ਦਾ ਸਿਰ ਧੜ ਤੋਂ ਅਲੱਗ ਕਰਨ ਵਾਲੇ ਸੂਰਬੀਰ ਯੋਧੇ ਮਹਿਤਾਬ ਸਿੰਘ ਮੀਰਾਂਕੋਟ, ਸੁੱਖਾ ਸਿੰਘ ਮਾੜੀ ਕੰਬੋਕੀ ਮੁਗਲ ਫੌਜਾਂ ਦੇ ਹੱਥ ਨਾ ਆਏ ਤਾਂ ਉਹਨਾ ਨੇ ਕਾਇਰਤਾ ਵਾਲੀ ਕਾਰਵਾਈ ਕਰਦਿਆਂ ਭਾਈ ਮਹਿਤਾਬ ਸਿੰਘ ਮੀਰਾਂਕੋਟ ਦੇ ਮਾਸੂਮ ਪੁੱਤਰ ਬਾਲ ਰਾਏ ਸਿੰਘ ਜੋ ਚੌਧਰੀ ਨੱਥੂ ਖਹਿਰਾ ਦੇ ਘਰ ਰਹਿ ਰਿਹਾ ਸੀ, ਨੂੰ ਫੜ੍ਹਕੇ ਮਾਰਨ ਦੀ ਕੋਸਿਸ ਕੀਤੀ। ਜਿਸ ਨੂੰ ਅਸੰਭਵ ਬਣਾਉਂਦਿਆਂ ਯੋਧੇ ਚੌਧਰੀ ਨੱਥੂ ਖਹਿਰਾ, ਉਹਨਾ ਦੇ ਪੁੱਤਰ ਅਤੇ ਮਜਬੀ ਸਿੰਘ ਨੌਜਵਾਨ ਨੇ ਉਸ ਧਾੜਵੀ ਮੁਗਲ ਫੌਜ ਦਾ ਟਾਕਰਾ ਕਰਕੇ ਸ਼ਹੀਦੀ ਪ੍ਰਾਪਤ ਕਰ ਲਈ ਪਰ ਬਾਲ ਰਾਏ ਸਿੰਘ ਨੂੰ ਉਹਨਾ ਦੇ ਨਾਪਾਕ ਹੱਥਾਂ ਵਿੱਚ ਨਾ ਆਉਣ ਦਿੱਤਾ। ਇਸ ਜੋੜਮੇਲੇ ਸਬੰਧੀ ਗੁਰਦੁਆਰਾ ਮਲ੍ਹਾ ਸਾਹਿਬ ਮੀਰਾਂਕੋਟ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਖੰਡ ਪਾਠਾਂ ਦੀ ਪਹਿਲੀ ਲੜੀ ਦਾ ਤਰੰਭ 01 ਸਤੰਬਰ ਨੂੰ ਕਰ ਦਿਤਾ ਹੈ। ਜਿਸ ਦੇ ਸਮੂਹਿਕ ਭੋਗ 3 ਸਤੰਬਰ ਨੂੰ ਪੈਣਗੇ। ਇਸ ਦੌਰਾਨ ਸ੍ਰੀ ਅਖੰਡ ਪਾਠਾਂ ਦੀ ਦੂਜੀ ਲੜੀ ਅਰੰਭ ਹੋਵੇਗੀ। ਜਿਹਨਾ ਦੇ ਭੋਗ 5 ਸਤੰਬਰ ਨੂੰ ਪੈਣ ਉਪਰੰਤ ਖੁੱਲੇ ਪੰਡਾਲ ਵਿੱਚ ਧਾਰਮਿਕ ਦਿਵਾਨ ਸਜਾਇਆ ਜਾਵੇਗਾ। ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਅਤੇ ਧਰਮ ਪ੍ਰਚਾਰਕ ਅੰਮ੍ਰਿਤਮਈ ਰਸਭਿੰਨੀ ਗੁਰਬਾਣੀ ਅਤੇ ਗੁਰਇਤਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।






## ਇਹ ਇਤਿਹਾਸਕ ਅਸਥਾਨ ਪਿੰਡ ਮੀਰਾਂਕੋਟ ਮਹਿਤਾਬ ਸਿੰਘ ਮੀਰਾਂਕੋਟ ਦੀ ਯਾਦ ਵਿੱਚ ਬਣਾਇਆ ਗਿਆ ਹੈ

**ਧਾਰਮਿਕ ਦੀਵਾਨ 5 ਅਤੇ 6 ਸਤੰਬਰ ਨੂੰ ਦੋਵੇਂ ਦਿਨ ਸਜਾਏ ਜਾਣਗੇ। ਦੋਵੇਂ ਦਿਨ ਵੱਖ ਵੱਖ ਪਕਵਾਨਾ ਵਾਲੇ ਗੁਰੂ ਕੇ ਲੰਗਰ ਦੋਵੇਂ ਦਿਨ ਅਟੁੱਟ ਚੱਲਣਗੇ। ਦੀਵਾਨਾਂ ਦਾ ਵੈੱਬ ਟੀਵੀ ਮਾਲਵਾ ਅਤੇ ਨਿਰਵੈਰ ਟੀਵੀ ਦੁਆਰਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ।**



--✶ ਜਾਰੀ ਕਰਤਾ ✶--

## ਭਾਈ ਇਕਬਾਲ ਸਿੰਘ ਤੁੰਗ

**ਸਾਬਕਾ ਨਿੱਜੀ ਸਕਤਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ**

### ਐਨਆਰਆਈਜ਼ ਨੂੰ ਕੀਤੀ ਅਪੀਲ, ਪ੍ਰਭਾਵਿਤ ਪਿੰਡਾਂ ਨੂੰ ਗੋਦ ਲੈਕੇ ਕੀਤੀ ਜਾਵੇ ਮੱਦਦ

# ਪੰਜਾਬ ਦੌਰੇ ਤੇ ਆ ਰਹੇ ਕੇਂਦਰੀ ਖੇਤੀਬਾੜੀ ਮੰਤਰੀ ਵੱਡੇ ਆਰਥਿਕ ਪੈਕਜ ਦਾ ਐਲਾਨ ਕਰਨ - ਗਿਆਨੀ ਹਰਪ੍ਰੀਤ ਸਿੰਘ











**ਚੰਡੀਗੜ੍ਹ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋ ਪਾਰਟੀ ਦੇ ਸੀਨੀਅਰ ਆਗੂ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨਾਲ ਅੱਜ ਫਾਜ਼ਿਲਕਾ ਜ਼ਿਲੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਓਹਨਾ ਵੱਲੋ ਮੰਡੀ ਲਾਧੁਕੇ ਵਿਖੇ ਪੱਕੇ ਤੌਰ ਤੇ ਚੱਲ ਰਹੇ ਰਾਹਤ ਕੈਂਪ ਦਾ ਨਿਰੀਖਣ ਕੀਤਾ ਅਤੇ ਪਾਰਟੀ ਵਰਕਰਾਂ ਨੂੰ ਹੋਰ ਤੇਜ਼ੀ ਨਾਲ ਰਾਹਤ ਕਾਰਜਾਂ ਵਿੱਚ ਜੁਟਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ, ਓਹਨਾਂ ਨੇ ਹਮੇਸ਼ਾ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਇਆ ਹੈ,ਪਰ ਅੱਜ ਪੰਜਾਬ ਦੀ ਜ਼ਿੰਦਗੀ ਲੀਹ ਤੋਂ ਟੁੱਟ ਚੁੱਕੀ ਹੈ, ਇਸ ਲਈ ਐਨਆਰਆਈਜ਼ ਭਰਾ ਪ੍ਰਭਾਵਿਤ ਪਿੰਡਾਂ ਨੂੰ ਗੋਦ ਲੈਕੇ ਆਰਥਿਕ ਮਦਦ ਜਰੂਰ ਕਰਨ। ਆਪਣੇ ਫਾਜ਼ਿਲਕਾ ਦੌਰੇ ਮੌਕੇ ਓਹਨਾ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ, ਇਸ ਕੁਦਰਤੀ ਕ੍ਰੋਪੀ ਨੇ ਪੰਜਾਬ ਦੇ ਆਰਥਿਕ ਢਾਂਚੇ ਨੂੰ ਵੱਡੀ ਸੱਟ ਮਾਰੀ ਹੈ। ਕੇਂਦਰ ਦੇ ਵੱਡੇ ਆਰਥਿਕ ਪੈਕਜ ਬਗੈਰ ਇਸ ਨੁਕਸਾਨ ਦੀ ਭਰਪਾਈ ਹੋਣਾ ਨਾ ਮੁਮਕਿਨ ਹੈ। ਜੱਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ, ਚੰਗੀ ਗੱਲ ਹੈ ਕਿ ਕੇਂਦਰ ਸਰਕਾਰ ਪੰਜਾਬ ਪ੍ਰਤੀ ਜਾਗੀ ਹੈ। ਕੇਂਦਰੀ ਖੇਤਬਾੜੀ ਸ਼ਿਵਰਾਜ ਚੌਹਾਨ ਦੀ ਪੰਜਾਬ ਫੇਰੀ ਨੂੰ ਲੈਕੇ ਓਹਨਾ ਕਿਹਾ ਕਿ, ਪੂਰਾ ਪੰਜਾਬ ਉਮੀਦ ਕਰਦਾ ਹੈ ਜਦੋਂ ਕੇਂਦਰੀ ਖੇਤੀਬਾੜੀ ਪੰਜਾਬ ਆਉਣਗੇ, ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨਗੇ ਤਾਂ ਲਾਜ਼ਮੀ ਤੌਰ ਤੇ ਓਹ ਇਸ ਵੱਡੇ ਘਾਟੇ ਦੀ ਭਰਪਾਈ ਲਈ ਵੱਡੇ ਆਰਥਿਕ ਪੈਕਜ ਦਾ ਐਲਾਨ ਕਰਨਗੇ, ਨਾ ਕਿ ਸਿਰਫ ਤੇ ਸਿਰਫ ਸਿਆਸੀ ਕਲਾਬਾਜ਼ੀ ਅਤੇ ਬਿਆਨਬਾਜੀ ਤੱਕ ਸੀਮਤ ਰਹਿਣਗੇ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੰਗ ਕੀਤੀ ਕਿ, ਕਿਸਾਨਾਂ ਨੂੰ ਪ੍ਰਤੀ ਏਕੜ ਵੱਧ ਤੋਂ ਵੱਧ ਵਿੱਤੀ ਮਦਦ ਮਿਲੇ, ਤਾਂ ਜੋ ਕਿਸਾਨਾਂ ਨੂੰ ਫਸਲ ਮਰੀ ਦੇ ਨੁਕਸਾਨ ਤੋ ਰਾਹਤ ਮਿਲੇ ਉਥੇ ਹੀ ਹੜ ਦੀ ਮਿੱਟੀ ਨੂੰ ਖੇਤਾਂ ਵਿੱਚੋਂ ਚੁੱਕਣ ਲਈ ਪ੍ਰਤੀ ਏਕੜ ਦੇ ਹਿਸਾਬ ਨਾਲ ਸੌ ਫ਼ੀਸਦ ਸਬਸਿਡੀ ਤੇ ਡੀਜ਼ਲ ਮਿਲੇ। ਦੁਕਾਨਦਾਰਾਂ ਦੇ ਹੋਏ ਨੁਕਸਾਨ ਤੇ ਮੁਆਵਜਾ ਮਿਲੇ,ਅਤੇ ਮਜ਼ਦੂਰ ਵਰਗ ਨੂੰ ਛੇ ਮਹੀਨੇ ਦੇ ਉਜਰਤ ਭੱਤੇ ਦੇ ਨਾਲ ਨਾਲ ਘਰਾਂ ਦੇ ਹੋਏ ਨੁਕਸਾਨ ਲਈ ਵਿੱਤੀ ਮਦਦ ਮਿਲੇ। ਓਹਨਾ ਕਿਹਾ ਕਿ, ਅੱਜ ਸਵੇਰੇ ਹੀ ਓਹਨਾ ਨੇ ਟਵੀਟ ਦੇ ਜਰੀਏ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਨੂੰ ਪ੍ਰਤੀ ਸੁਹਿਰਦਤਾ ਨਾਲ ਵਿਚਾਰਿਆ ਜਾਵੇ ਕਿਉ ਕਿ ਪੰਜਾਬ ਵੀ ਦੇਸ਼ ਦਾ ਹਿੱਸਾ ਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਜੱਥੇਦਾਰ ਇਕਬਾਲ ਸਿੰਘ ਝੂੰਦਾ ,ਸ: ਸੁਖਵੰਤ ਸਿੰਘ ਪੰਜਲੈਂਡ ਡਾ: ਮੁਖ਼ਿਤਆਰ ਸਿੰਘ ਜਥੇ: ਕਰਨੈਲ ਸਿੰਘ ਭਾਵੜਾ,ਜਥੇ: ਚਰਨ ਸਿੰਘ ਕੰਧਵਾਲਾ,ਜਥੇ: ਗੁਰਲਾਲ ਸਿੰਘ ਜੰਡਵਾਲਾ ਐਡਵੋਕੇਟ ਗੁਰਜਿੰਦਰ ਸਿੰਘ ਗਰੇਵਾਲ ਜਥੇ: ਗੁਰਭੇਜ ਸਿੰਘ ਫਾਜਿਲਕਾ ਖਾਸ ਤੌਰ ਤੇ ਨਾਲ ਰਹੇ। ••

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ


ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243



ਭਾਈ ਅੰਮ੍ਰਿਤਪਾਲ ਸਿੰਘ
ਐਮ ਪੀ ਖਡੂਰ ਸਾਹਿਬ

# ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਇਕ ਮਹੀਨੇ ਦੀ ਪੈਰੋਲ ਤੇ ਸੰਸਦੀ ਫੰਡ ਜਾਰੀ ਕਰਨ ਦੀ ਮੰਗ



ਅਕਾਲੀ ਦਲ 'ਵਾਰਿਸ ਪੰਜਾਬ ਦੇ'

ਹੈਡ ਆਫਿਸ : ਸ੍ਰੀ ਅੰਮ੍ਰਿਤਸਰ ਸਾਹਿਬ / M: 98780-55112, 62836-63132

ਸੇਵਾ ਵਿਖੇ,
ਮਾਣਯੋਗ ਗ੍ਰਹਿ ਮੰਤਰੀ ਜੀ,
ਭਾਰਤ ਸਰਕਾਰ,
ਗ੍ਰਹਿ ਮੰਤਰਾਲਾ,
ਨਵੀਂ ਦਿੱਲੀ।

ਮਾਰਫ਼ਤ
ਡਿਪਟੀ ਕਮਿਸ਼ਨਰ,
ਅੰਮ੍ਰਿਤਸਰ (ਪੰਜਾਬ)

ਵਿਸ਼ਾ :- ਖਡੂਰ ਸਾਹਿਬ ਹਲਕੇ ਤੋਂ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਹੜਾਂ ਦੀ ਸਥਿਤੀ ਦੇ ਮੱਦੇਨਜ਼ਰ ਘੱਟੋ-ਘੱਟ ਇੱਕ ਮਹੀਨੇ ਦੀ ਪੈਰੋਲ ਅਤੇ ਸੰਸਦੀ ਫੰਡ ਜਾਰੀ ਕਰਨ ਬਾਰੇ।

ਸ੍ਰੀਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਪੰਜਾਬ ਵਿੱਚ ਆਏ ਭਿਆਨਕ ਹੜਾਂ ਨੇ ਬਹੁਤ ਵੱਡੀ ਤਬਾਹੀ ਮਚਾਈ ਹੈ। ਖਾਸ ਕਰਕੇ ਖਡੂਰ ਸਾਹਿਬ ਸੰਸਦੀ ਹਲਕੇ ਦੇ ਕਈ ਪਿੰਡ ਅਤੇ ਕਸਬੇ ਪੂਰੀ ਤਰ੍ਹਾਂ ਜਲ-ਥਲ ਹੋ ਗਏ ਹਨ। ਘਰਾਂ, ਖੇਤਾਂ, ਫਸਲਾਂ ਅਤੇ ਜਾਨਵਰਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਲੋਕ ਬੇਘਰ ਹੋਏ ਪਏ ਹਨ ਅਤੇ ਰੋਜ਼ਾਨਾ ਦੀ ਜ਼ਿੰਦਗੀ ਬਹੁਤ ਹੀ ਮੁਸ਼ਕਲ ਬਣ ਗਈ ਹੈ। ਇਹ ਉਹੀ ਖਡੂਰ ਸਾਹਿਬ ਹਲਕਾ ਹੈ ਜਿੱਥੇ ਦੇ ਲੋਕਾਂ ਨੇ ਲੱਖਾਂ ਵੋਟਾਂ ਨਾਲ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਲੋਕ ਸਭਾ ਲਈ ਆਪਣਾ ਨੁਮਾਇੰਦਾ ਚੁਣਿਆ ਸੀ। ਲੋਕਾਂ ਦਾ ਵਿਸ਼ਵਾਸ ਇਸ ਗੱਲ 'ਤੇ ਸੀ ਕਿ ਉਹਨਾਂ ਦਾ ਚੁਣਿਆ ਹੋਇਆ ਸੰਸਦ ਮੈਂਬਰ ਹਰ ਸੰਕਟ ਦੀ ਘੜੀ ਵਿੱਚ ਉਹਨਾਂ ਦੇ ਨਾਲ ਖੜ੍ਹਾ ਰਹੇਗਾ। ਪਰ ਦੁੱਖ ਦੀ ਗੱਲ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਪਿਛਲੇ ਲਗਾਤਾਰ ਤਿੰਨ ਸਾਲਾਂ ਤੋਂ ਨਾਜਾਇਜ਼ ਤੌਰ 'ਤੇ NSA ਅਧੀਨ ਡਿਬਰੂਗੜ੍ਹ ਜੇਲ ਵਿੱਚ ਬੰਦ ਹਨ। ਅੱਜ ਜਦੋਂ ਹਲਕੇ ਦੇ ਲੋਕ ਹੜਾਂ ਕਾਰਨ ਸਭ ਤੋਂ ਵੱਧ ਪੀੜਤ ਹਨ, ਉਹਨਾਂ ਨੂੰ ਆਪਣੇ MP ਦੇ ਸਹਾਰੇ ਅਤੇ ਮੌਜੂਦਗੀ ਦੀ ਜ਼ਰੂਰਤ ਲੋੜ ਹੈ। ਲੋਕਤੰਤਰ ਦਾ ਮੂਲ ਭਾਵ ਹੀ ਇਹ ਹੈ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਉਹਨਾਂ ਦੀਆਂ ਮੁਸੀਬਤਾਂ ਵਿੱਚ ਉਹਨਾਂ ਦੇ ਨਾਲ ਖੜ੍ਹੇ ਹੋਣ।

ਇਸ ਲਈ ਅਸੀਂ ਤੁਹਾਡੇ ਕੋਲ ਹੇਠ ਲਿਖੀਆਂ ਮੰਗਾਂ ਕਰਦੇ ਹਾਂ :-




## ਬਾਪੂ ਤਰਸੇਮ ਸਿੰਘ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਹੀਂ ਦੇਸ਼ ਦੇ ਗ੍ਰਹਿ ਮੰਤਰੀ ਨੂੰ ਭੇਜਿਆ ਮੰਗ ਪੱਤਰ

ਅੰਮ੍ਰਿਤਸਰ 3 ਸਤੰਬਰ (ਆਵਾਜ਼ਿ ਕੌਮ ਬਿਊਰੋ)-'ਅਕਾਲੀ ਦਲ ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਦੇਸ਼ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡਾਂ ਵਿਚ ਹੜ੍ਹਾਂ ਦੀ ਭਿਆਨਕ ਸਥਿਤੀ ਦੇ ਮੱਦੇਨਜ਼ਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਘੱਟੋ-ਘੱਟ ਇਕ ਮਹੀਨੇ ਦੀ ਪੈਰੋਲ ਦਿੱਤੀ ਜਾਵੇ ਤਾਂ ਜੋ ਉਹ ਬਤੌਰ ਮੈਂਬਰ ਪਾਰਲੀਮੈਂਟ ਆਪਣੇ ਹਲਕੇ ਦੇ ਲੋਕਾਂ ਨਾਲ ਸੰਕਟ ਦੀ ਘੜੀ ਵਿਚ ਖੜ੍ਹੇ ਹੋ ਕੇ ਸਹਾਇਤਾ ਕਰ ਸਕਣ। ਅੱਜ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਰਾਹੀਂ ਦੇਸ਼ ਦੇ ਗ੍ਰਹਿ ਮੰਤਰੀ ਨੂੰ ਭੇਜੇ ਮੰਗ ਪੱਤਰ ਵਿਚ ਬਾਪੂ ਤਰਸੇਮ ਸਿੰਘ ਨੇ ਲਿਖਿਆ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਐਨ.ਐਸ.ਏ. ਅਧੀਨ ਨਜਾਇਜ਼ ਤੌਰ 'ਤੇ ਪਿਛਲੇ ਤਿੰਨ ਸਾਲ ਤੋਂ ਡਿਬਰੂਗੜ੍ਹ ਦੀ ਜੇਲ੍ਹ ਵਿਚ ਨਜ਼ਰਬੰਦ ਕੀਤਾ ਹੋਇਆ ਹੈ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਹਲਕਾ ਖਡੂਰ ਸਾਹਿਬ ਦੇ ਵੋਟਰਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਰਿਕਾਰਡਤੋੜ ਵੋਟਾਂ ਨਾਲ ਜਿਤਾ ਕੇ ਮੈਂਬਰ ਪਾਰਲੀਮੈਂਟ ਬਣਾਇਆ ਸੀ ਤਾਂ ਜੋ ਉਹ ਲੋਕਾਂ ਦੇ ਹਰ ਦੁੱਖ-ਸੁੱਖ ਵਿਚ ਖੜ੍ਹੇ ਹੋ ਸਕਣ। ਅੱਜ ਪੰਜਾਬ ਵਿਚ ਹੜ੍ਹਾਂ ਦੀ ਭਿਆਨਕ ਸਥਿਤੀ ਦੌਰਾਨ ਖਡੂਰ ਸਾਹਿਬ ਹਲਕੇ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ ਅਤੇ ਇਨ੍ਹਾਂ ਪਿੰਡਾਂ ਵਿਚ ਘਰਾਂ, ਖੇਤਾਂ, ਫਸਲਾਂ ਅਤੇ ਦੁਧਾਰੂ ਪਸ਼ੂਆਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਸੰਕਟ ਦੀ ਘੜੀ ਦੌਰਾਨ ਹਲਕਾ ਖਡੂਰ ਸਾਹਿਬ ਦੇ ਲੋਕ ਆਪਣੇ ਮੈਂਬਰ ਪਾਰਲੀਮੈਂਟ ਦੀ ਗੈਰ-ਮੌਜੂਦਗੀ ਕਾਰਨ ਵਧੇਰੇ ਔਕੜਾਂ ਦਾ ਸਾਹਮਣਾ ਕਰ ਰਹੇ ਹਨ।

ਆਵਾਜ਼ਿ ਕੌਮ AWAZE QAUM

# ਸਿੱਖੋ ! ਹੁਣ ਹੀ ਅੱਖਾਂ ਖੋਲ੍ਹ ਲਓ...





**ਚੜ੍ਹਦਾ ਅਤੇ ਲਹਿੰਦਾ** ਪੰਜਾਬ ਕਰੀਬ ਦਸ ਦਿਨਾਂ ਤੋਂ ਭਿਆਨਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ ! ਇਹ ਗੱਲ ਤਾਂ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਮੁਲਕ ਦੇ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਕਹਿ ਦਿੱਤੀ ਹੈ ਕਿ ਇਹ ਹੜ੍ਹ ਕੋਈ ਕੁੱਦਰਤੀ ਹੜ੍ਹ ਨਹੀਂ ਹਨ ! ਇਹ ਗੱਲ ਤਾਂ ਕਿਸੇ ਪਿੰਡ ਦੇ ਇੱਕ ਦਿਹਾੜੀਦਾਰ ਬੰਦੇ ਤੋਂ ਲੈ ਕੇ ਵੱਡੇ ਤੋਂ ਵੱਡਾ ਮਨੁੱਖ ਵੀ ਜਾਣ ਗਿਆ ਹੈ ਕਿ ਇਹ ਕੋਈ ਕੁੱਦਰਤੀ ਹੜ੍ਹ ਨਹੀਂ ਹਨ , ਇਹ ਸਰਕਾਰਾਂ ਦੀ ਬਦਨੀਤੀ ਨਾਲ ਅਤੇ ਬੜੀ ਦੂਰ ਅੰਦੇਸ਼ੀ ਨਾਲ ਲਿਆਂਦੇ ਗਏ ਹੜ੍ਹ ਹਨ ! ਇਹ ਕਿਸਾਨੀ ਅੰਦੋਲਨਾਂ ਦਾ ਬਦਲਾ ਲੈਣ ਲਈ ਲਿਆਂਦੇ ਗਏ ਹਨ ! ਇਹ ਹੜ੍ਹ ਪੰਜਾਬ ਵਲੋਂ ਬੀ ਜੇ ਪੀ ਨੂੰ ਵੋਟਾਂ ਨਾ ਪਾਉਣ ਕਰਕੇ ਲਿਆਂਦੇ ਗਏ ਹਨ ! ਇਹ ਅਣਖੀ ਪੰਜਾਬ ਨੂੰ ਜੋ ਹਰ ਸਮੇਂ ਉੱਤੇ ਦਿੱਲੀ ਨੂੰ ਵੰਗਾਰਦਾ ਆਇਆ ਹੈ , ਓਸ ਵੰਗਾਰ ਨੂੰ ਰੋਕਣ ਲਈ ਲਿਆਂਦੇ ਗਏ ਹਨ ! ਇਹ ਪੰਜਾਬ ਪੰਜਾਬੀਅਤ ਸਿੱਖਾਂ ਅਤੇ ਸਿੱਖੀ ਨੂੰ ਖਤਮ ਕਰਨ ਲਈ ਲਿਆਂਦੇ ਗਏ ਹਨ ! ਏਸੇ ਕਰਕੇ ਤਾਂ ਹੁਣ ਤੱਕ ਜਦੋਂ ਮੈਂ ਇਹ ਲਿਖ ਰਿਹਾ ਹਾਂ 02 ਸਤੰਬਰ 2025 ਦੇ ਅਸਟਰੀਆ ਦੇ ਦੁਪਹਿਰ ਦੇ ਤਿੰਨ ਵਜੇ ਅਤੇ ਪੰਜਾਬ ਦੇ ਸ਼ਾਮ ਦੇ ਸਾਢੇ ਛੇ ਵਜੇ ਤੱਕ ਭਾਰਤ ਦੇਸ਼ ਦੇ ਪਰਧਾਨ ਮੰਤਰੀ ਤੋਂ ਲੈ ਕੇ ਥੱਲੇ ਤੱਕ ਦੇ ਕਿਸੇ ਵੀ ਨੇਤਾ ਦਾ ਵਿਰੋਧੀ ਧਿਰ ਦੇ ਕਿਸੇ ਵੱਡੇ ਨੇਤਾ ਦਾ ਆਮ ਪਾਰਟੀ ਦੇ ਕਿਸੇ ਨੇਤਾ ਕਿਸੇ ਖੱਬੇ ਸੱਜੇ ਪਾਰਟੀ ਦੇ ਕਿਸੇ ਨੇਤਾ ਦਾ ਪੰਜਾਬ ਤੋਂ ਬਿਨਾਂ ਕਿਸੇ ਵੀ ਸੂਬੇ ਦੇ ਕਿਸੇ ਨੇਤਾ ਦਾ ਪੰਜਾਬ ਦੇ ਹੱਕ ਦੇ ਵਿੱਚ ਕੋਈ ਬਿਆਨ ਆਇਆ ਹੈ ! ਮੈਂ ਕਿਸੇ ਵੀ ਰਾਸ਼ਟਰੀ ਚੈਨਲ ਉੱਤੇ ਕੋਈ ਖ਼ਬਰ ਚੱਲਦੀ ਨਹੀਂ ਹਾਲੇ ਤੱਕ ਵੇਖੀ ਅਤੇ ਸੁਣੀ ਹੈ ! ਪਰ ਪੰਜਾਬ ਨੇ ਪਿਛਲੇ ਅਠੱਤਰ ਸਾਲਾਂ ਵਿੱਚ ਭਾਰਤ ਦਾ ਢਿੱਡ ਭਰਨ ਲਈ ਆਪਣੀਆਂ ਜ਼ਮੀਨਾਂ ਨੂੰ ਰੇਆਂ ਸਪਰੇਆਂ ਨਾਲ ਕੈਂਸਰ ਤੱਕ ਵੀ ਕਰਵਾ ਲਈ , ਹਰੀ ਕ੍ਰਾਂਤੀ ਦੇ ਨਾਮ ਉੱਤੇ ਉਜਾੜਾ ਵੀ ਕਰਵਾ ਲਿਆ, ਦੇਸ਼ ਦੀ ਰਾਖੀ ਲਈ ਆਪਣੇ ਪੁੱਤ ਪੰਜਾਬ ਅਤੇ ਖਾਸ ਕਰਕੇ ਸਿੱਖ ਅੱਜ ਵੀ ਬਾਰਡਰਾਂ ਉੱਤੇ ਮਰਵਾ ਰਹੇ ਹਨ ! ਕੱਲ੍ਹ ਵੀ ਪੰਜਾਬ ਵਿੱਚ ਇੱਕ ਸ਼ਹੀਦ ਸਿੱਖ ਫੌਜੀ ਦੀ ਲਾਸ਼ ਓਸ ਦੇ ਘਰੇ ਆਈ ਹੈ ! 1965 -1971 ਦੀਆਂ ਜੰਗਾਂ ਸਿੱਖ ਜਰਨੈਲਾਂ ਨੇ ਜਿੱਤ ਕੇ ਦਿੱਤੀਆਂ ! ਕਾਰਗਿਲ ਦੀ ਜੰਗ ਸਿੱਖਾਂ ਨੇ ਜਿੱਤ ਕੇ ਦਿੱਤੀ ! ਹਰ ਸਟੇਟ ਵਿੱਚ ਆਈ ਹਰ ਆਫਤ ਸਮੇਂ ਪੰਜਾਬ ਉੱਥੇ ਪਹੁੰਚਿਆ ! ਪਰਧਾਨ ਮੰਤਰੀ ਦੇ ਰਾਜ ਗੁਜਰਾਤ ਵਿੱਚ ਆਏ ਸਭ ਤੋਂ ਵੱਡੇ ਭੁਚਾਲ਼ ਵਿੱਚ ਵੀ ਪੰਜਾਬ ਪਹੁੰਚਿਆ ਸੀ ! ਪਰ ਅਫ਼ਸੋਸ ਕਿ ਲੂਣ ਹਰਾਮੀ ਅਤੇ ਅਕ੍ਰਿਤਘਣ ਲੋਕ ਹੀ ਕਿਸੇ ਦੇ ਕੀਤੇ ਅਹਿਸਾਸ ਨੂੰ ਭੁੱਲ ਸਕਦੇ ਹਨ ਅਤੇ ਅੱਜ ਵੀ ਭੁੱਲ ਗਏ ਹਨ ! ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾ ਕੇ ਸਭ ਜੰਨਸੰਘੀ ਜੇਹਲਾਂ ਵਿੱਚ ਤੁੰ ਦਿੱਤੇ ਸਨ ਤਾਂ ਆਰ ਐਸ ਐਸ ਦੇ ਕਾਰਕੁੰਨ ਨਰਿੰਦਰ ਦਾਸ ਦਮੋਦਰ ਮੋਦੀ ਨੇ ਪੰਜਾਬ ਵਿੱਚ ਸ਼ਰਨ ਲੈ ਕੇ ਅਤੇ ਸਿੱਖੀ ਸਰੂਪ ਧਾਰਨ ਕਰਕੇ ਆਪਣੀ ਜਾਨ ਬਚਾਈ ਸੀ ! ਮੋਦੀ ਜੀ ਇਹ ਓਹੀ ਪੰਜਾਬ ਹੈ ਇਹ ਓਹੀ ਸਿੱਖ ਹਨ ਜਿਨ੍ਹਾਂ ਨੇ ਤੁਹਾਡੀ ਜਾਨ ਬਚਾਈ ਸੀ ! ਕੱਲ੍ਹ ਅਫਗਾਨਿਸਤਾਨ ਵਿੱਚ ਤਕੜਾ ਭੁਚਾਲ਼ ਆਉਣ ਕਾਰਨ ਕਰੀਬ ਅੱਠ ਸੌ ਲੋਕਾਂ ਦੀ ਜਾਨ ਚਲੀ ਗਈ , ਵਾਹਿਗੁਰੂ ਭਲਾ ਕਰੇ ਜੀ ਸਭ ਦਾ , ਮੋਦੀ ਦਾ ਓਸੇ ਸਮੇਂ ਬਿਆਨ ਆ ਗਿਆ ਕਿ ਅਫਗਾਨਿਸਤਾਨ ਦੀ ਹਰ ਸੰਭਵ ਮਦਦ ਭਾਰਤ ਵਲੋਂ ਕੀਤੀ ਜਾਵੇਗੀ, ਕਰਨੀ ਵੀ ਚਾਹੀਦੀ ਹੈ , ਪਰ ਪੰਜਾਬ ਵਾਰੀ ਬੁੱਲ੍ਹ ਕਿਉਂ ਸੀਤੇ ਪਏ ਹਨ ? ਕਿਉਂਕਿ ਸਿੱਖਾਂ ਲਈ ਅਤੇ ਪੰਜਾਬ ਲਈ ਅੰਦਰ ਜਹਿਰ ਭਰੀ ਪਈ ਹੈ , ਕਿਉਂਕਿ ਸਿੱਖਾਂ ਅਤੇ ਪੰਜਾਬ ਨੂੰ ਦੁਨੀਆਂ ਦੇ ਨਕਸ਼ੇ ਉੱਤੋਂ ਖਤਮ ਕਰਨਾ ਹੈ ! ਇਸ ਮਿਸ਼ਨ ਲਈ ਅਰਬਾਂ ਖਰਬਾਂ ਰੁਪਏ ਖਰਚ ਹੋ ਰਹੇ ਹਨ ਸੰਨ 1947 ਤੋਂ ਹੀ , ਹਜ਼ਾਰਾਂ ਸਕੀਮਾਂ ਉੱਪਰ ਦਿਨ ਰਾਤ ਕੰਮ ਹੋ ਰਿਹਾ ਹੈ ਕਿ ਪੰਜਾਬ ਅਤੇ ਸਿੱਖਾਂ ਨੂੰ ਕਿਵੇਂ ਖਤਮ ਕੀਤਾ ਜਾਵੇ ! 3300 ਲਿਖਾਰੀ ਆਰ ਐਸ ਐਸ ਨੇ ਲਗਾਇਆ ਹੋਰ ਹੈ ਸਿੱਖੋ ਤੁਹਾਡਾ ਅਤੇ ਮੁਸਲਮਾਨਾਂ ਦਾ ਇਤਿਹਾਸ ਬਦਲਣ ਲਈ ! ਇਹ ਹੜ੍ਹ ਵੀ ਇਹਨਾਂ ਨੀਤੀਆਂ ਦੀ ਹੀ ਦੇਣ ਹੈ ਜੀ ਸਿੱਖੋ ! ਜਾਗ ਜਾਓ ਹੁਣ ਤਾਂ ਜਾਗ ਜਾਓ, ਤੁਸੀਂ ਤਾਂ ਅਠੱਤਰਾਂ ਸਾਲਾਂ ਦੀਆਂ ਇੱਕ ਨਵਜੰਮੇ ਬੱਚੇ ਵਾਂਗ ਅੱਖਾਂ ਹੀ ਮੀਟੀਆਂ ਹੋਈਆਂ ਹਨ ! ਅਗਲੇ ਤੁਹਾਡਾ ਸਭ ਕੁੱਝ ਲੁੱਟ ਕੇ ਲੈ ਗਏ ਲੁੱਟ ਕੇ ਲੈ ਜਾ ਰਹੇ ਹਨ ਅਤੇ ਲੁੱਟ ਕੇ ਲੈ ਜਾਣਗੇ ਜੋ ਕੁੱਝ ਹੁਣ ਤੁਹਾਡੇ ਕੋਲ ਬਚਿਆ ਹੈ ! ਹਰਿਆਣਾ ਲੈ ਗਏ ਹਿਮਾਚਲ ਲੈ ਗਏ ਚੰਡੀਗੜ੍ਹ ਲੈ ਗਏ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੀ ਲੈ ਗਏ ਸ਼ਰੋਮਣੀ ਕਮੇਟੀ ਲੈ ਗਏ ਅਕਾਲੀ ਦਲ ਵੀ ਲੈ ਗਏ ਦਿੱਲੀ ਹਰਿਆਣਾ ਕਮੇਟੀਆਂ ਵੀ ਲੈ ਗਏ ਯੂਨੀਵਰਸਿਟੀਆਂ ਅਤੇ ਕਈ ਸਕੂਲ ਕਾਲਜ ਵੀ ਲੈ ਗਏ ਤੁਹਾਡੇ ਤਖਤ ਵੀ ਲੈ ਗਏ ਅਤੇ ਹੋਰ ਬਹੁਤ ਕੁੱਝ ਵੀ ਲੈ ਗਏ ! ਜੋ ਕੁੱਝ ਹੁਣ ਤੁਹਾਡੇ ਕੋਲ ਬਚਿਆ ਹੈ ਹੌਲੀ ਹੌਲੀ ਉਹ ਵੀ ਲੈ ਜਾਣਗੇ ! ਯਾਦ ਰੱਖਿਓ ਡਾਇਰੀਆਂ ਉੱਤੇ ਨੋਟ ਕਰ ਲਿਓ ਅਗਰ ਸਿੱਖਾਂ ਦੇ ਹੱਥੋਂ ਪੰਜਾਬ ਨਿੱਕਲ ਗਿਆ ਤੇ ਸਿੱਖ ਨਾਂ ਕਿਸੇ ਘਰ ਦੇ ਰਹਿਣਗੇ ਤੇ ਨਾ ਕਿਸੇ ਘਾਟ ਦੇ ਰਹਿਣਗੇ ! ਸਿਆਣੇ ਕਹਿੰਦੇ ਹੁੰਦੇ ਹਨ ਕਿ ਪਰਤੱਖ ਨੂੰ ਕਿਸੇ ਵੀ ਪਰਮਾਣ ਦੀ ਲੋੜ ਨਹੀਂ ਹੁੰਦੀ, ਤੇ ਅੱਜ ਤੁਹਾਨੂੰ ਅਤੇ ਸਾਨੂੰ ਵਿਦੇਸ਼ਾਂ ਵਿੱਚ ਰਹਿੰਦਿਆਂ ਨੂੰ ਵੀ ਪਰਤੱਖ ਦਿਸ ਰਿਹਾ ਕਿ ਪੰਜਾਬ ਦਾ ਕੋਈ ਨਹੀਂ ਹੈ , ਪੰਜਾਬ ਦੇ ਸਿਰਫ ਪੰਜਾਬੀ ਅਤੇ ਸਿੱਖ ਹੀ ਹਨ ! ਕੁੱਝ ਕੁ ਹਿੰਦੂ ਭਰਾ ਹਾਅ ਦਾ ਨਾਹਰਾ ਮਾਰ ਰਹੇ ਹਨ ਪਰ ਬਾਕੀ ਖਾਮੋਸ਼ੀ ਹੀ ਛਾਈ ਹੋਈ ਹੈ ! ਪੰਜਾਬ ਫਿਰ ਵਸ ਜਾਵੇਗਾ , ਪਰ ਭਵਿੱਖ ਲਈ ਤਾਂ ਕੋਈ ਖਾਸ ਕਦਮ ਬਹੁਤ ਜ਼ਰੂਰੀ ਚੁੱਕਣੇ ਪੈਣਗੇ, ਨਹੀਂ ਤਾਂ ਇਹ ਗੰਗੂ ਕੇ ਤਾਂ ਪੰਜਾਬ ਨੂੰ ਹਰ ਸਾਲ ਹੀ ਡੋਬ ਦਿਆ ਕਰਨਗੇ ! ਏਸ ਕਰਕੇ ਭਾਈ ਸਿੱਖੋ ਆਪਣੀਆਂ ਅੱਖਾਂ ਉੱਪਰ ਬੱਝੀਆਂ ਭਾਰਤੀ ਹਿੰਦੋਸਤਾਨੀ ਇੰਡੀਅਨ ਪੱਟੀਆਂ ਨੂੰ ਖੋਹਲ ਕੇ ਪਰਾਂਹ ਵਗਾਹ ਮਾਰੋ ਅਤੇ ਨਵੀਂਆਂ ਪੰਜਾਬੀ ਅਤੇ ਖਾਲਿਸਤਾਨੀ ਪੱਟੀਆਂ ਬੰਨ੍ਹ ਲਓ ! ਅਗਰ ਬਚਣਾ ਹੈ ਜਿੰਦਾ ਰਹਿਣਾ ਹੈ ਤਾਂ ! ਨਹੀਂ ਤਾਂ ਆਰ ਐਸ ਐਸ ਦਾ ਚੈਲੰਜ ਹੈ ਕਿ ਸੰਨ 2070 ਤੱਕ ਪੰਜਾਬ ਦੇਸ਼ ਅਤੇ ਦੁਨੀਆਂ ਵਿੱਚੋਂ ਸਿੱਖਾਂ ਦਾ ਨਾਮੋ ਨਿਸ਼ਾਨ ਖਤਮ ਕਰਨਾ ਹੈ ! ਉਹ ਕਹਿੰਦੇ ਹਨ ਕਿ 2070 ਤੋਂ ਬਾਅਦ ਸਿਰਫ ਕਿਤਾਬਾਂ ਵਿੱਚ ਹੀ ਪੜ੍ਹਨ ਨੂੰ ਮਲਿਆ ਕਰੇਗਾ ਕਿ ਸਿੱਖ ਕੌਮ ਨਾਮ ਦੀ ਕੋਈ ਚੀਜ਼ ਦੁਨੀਆਂ ਵਿੱਚ ਹੁੰਦੀ ਸੀ ! ਆਰ ਐਸ ਐਸ ਵਿਚਾਰਧਾਰਾ ਕਹਿੰਦੀ ਹੈ ਕਿ ਇਸ ਮਿਸ਼ਨ ਉੱਤੇ ਅਸੀਂ ਦਿਨ ਰਾਤ ਕੰਮ ਕਰ ਰਹੇ ਹਾਂ ਅਤੇ ਕਾਫ਼ੀ ਹੱਦ ਤੱਕ ਸਫਲ ਵੀ ਹੋਏ ਹਾਂ ! ਏਸ ਕਰਕੇ ਜਾਗੋ ਅਤੇ ਅਤੇ ਆਉਣ ਵਾਲੇ ਸਮੇਂ ਦਾ ਮੁਕਾਬਲਾ ਕਰਨ ਲਈ ਹਥਿਆਰਬੰਦ ਵੀ ਜਰੂਰ ਹੋਵੋ ਜੀ ! ਇੱਕਲੇ ਲੰਗਰ ਲਗਾਉਣ ਅਤੇ ਪਾਠ ਪੂਜਾ ਕਰਨ ਨਾਲ ਕੰਮ ਨਹੀਂ ਚੱਲਣਾ ! ਜੇ ਚੱਲਦਾ ਹੁੰਦਾ ਤਾਂ ਛੇਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਨੂੰ ਖੰਡਾ ਖੜਕਾਉਣ ਦੀ ਲੋੜ ਨਹੀਂ ਪੈਣੀ ਸੀ ! ਬਾਬਾ ਬੰਦਾ ਸਿੰਘ ਬਹਾਦਰ ਨੂੰ ਬਾਰਾਂ ਮਿਸਲਾਂ ਨੂੰ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਖਾੜਕੂ ਸਿੰਘਾਂ ਨੂੰ ਖੰਡਾ ਖੜਕਾਉਣ ਦੀ ਲੋੜ ਨਹੀ ਪੈਣੀ ਸੀ ਅਤੇ ਗੁਰਪਤਵੰਤ ਸਿੰਘ ਪੰਨੂ ਨੂੰ ਵੀ ਰੈਫਰੈਂਡਮ ਕਰਵਾਉਣ ਦੀ ਲੋੜ ਨਹੀਂ ਪੈਣੀ ਸੀ ਜੀ ! ਡੰਡਾ ਹੀ ਪੀਰ ਹੁੰਦਾ ਹੈ ਵਿਗੜਿਆਂ ਤਿਗੜਿਆਂ ਦਾ ! ਬਹੁਤੀ ਸ਼ਰਾਫਤ ਅਤੇ ਸਾਊਪੁਣਾ ਵੀ ਇਨਸਾਨ ਨੂੰ ਮਰਵਾ ਦਿੰਦਾ ਹੁੰਦਾ ਹੈ ! ਏਸੇ ਕਰਕੇ ਭਾਈ ਸਾਡਾ ਤਾਂ ਹੋਕਾ ਹੈ ਕਿ ਜਾਗਦੇ ਰਹੋ ਜੀ ਜਾਗਦੇ ਰਹੋ।

**-ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**

ਆਵਾਜ਼ਿ ਕੌਮ AWAZE QAUM International Newspaper & WEB TV


# ਇੰਦਰਜੀਤ ਨਿੱਕੂ ਨੇ ਫੜੀ ਹੜ੍ਹ ਪੀੜ੍ਹਤਾਂ ਦੀ ਬਾਂਹ-ਰਾਹਤ ਸਮੱਗਰੀ ਲੈਕੇ ਪੁੱਜੇ ਯੁੱਧਵੀਰ ਮਾਣਕ ਵੀ ਆਇਆ ਮਦਦ ਲਈ ਅੱਗੇ

ਫ਼ਿਰੋਜ਼ਪੁਰ, 3 ਸਤੰਬਰ (ਮਨੋਹਰ ਲਾਲ) :– ਫ਼ਿਰੋਜ਼ਪੁਰ ਦੇ ਹੁਣ ਤੱਕ 107 ਦੇ ਕਰੀਬ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ ਅਤੇ ਸਤਲੁਜ ਵਿਚ ਪਾਣੀ ਦਾ ਵਧਣਾ ਲਗਾਤਾਰ ਜਾਰੀ ਹੈ, ਪਿੰਡਾਂ ਤੇ ਖ਼ਤਰਾ ਮੰਡਰਾ ਰਿਹਾ ਹੈ। ਇਸ ਦੌਰਾਨ ਬਹੁਤ ਸਾਰੀਆਂ ਸਮਾਜ ਸੇਵੀ ਜਥੇਬੰਦੀਆਂ ਲੋਕਾਂ ਦੀ ਮਦਦ ਲਈ ਉਮੜ ਪਈਆਂ ਹਨ। ਅਜਿਹੇ ਵਿਚ ਕਲਾਕਾਰ ਭਾਈਚਾਰਾ ਵੀ ਲਗਾਤਾਰ ਲੋਕਾਂ ਦੀ ਸੇਵਾ ਵਿਚ ਹਾਜ਼ਰ ਹੈ। ਅੱਜ ਇਥੇ ਭਾਰੀ ਮਾਤਰਾ ਵਿਚ ਰਾਹਤ ਸਮੱਗਰੀ ਲੈਕੇ ਪੰਜਾਬ ਦੇ ਪ੍ਰਸਿੱਧ ਗਾਇਕ ਇੰਦਰਜੀਤ ਨਿੱਕੂ ਅਤੇ ਯੁੱਧਵੀਰ ਮਾਣਕ ਪੁੱਜੇ। ਉਨ੍ਹਾਂ ਵੱਲਲੋਂ ਪਿੰਡ ਚੂਹੜੀ ਵਾਲਾ ਵਿਖੇ ਸਾਰੇ ਘਰਾਂ ਵਾਸਤੇ ਪਸ਼ੂਆਂ ਲਈ ਫੀਡ, ਤਰਪਾਲਾਂ, ਰਸੋਈ ਦਾ ਰਾਸ਼ਨ, ਦਵਾਈਆਂ, ਆਦਿ ਪਿੰਡ ਵਾਸੀਆਂ ਨੂੰ ਵੰਡੀਆਂ। ਗੱਲਬਾਤ ਕਰਦਿਆਂ ਇੰਦਰਜੀਤ ਨਿੱਕੂ ਨੇ ਕਿਹਾ ਕਿ ਉਹ ਹਰ ਤਰ੍ਹਾਂ ਹੜ੍ਹ ਪੀੜਤਾਂ ਨਾਲ ਖੜ੍ਹੇ ਹਨ ਅਤੇ ਜੋ ਵੀ ਮਦਦ ਹੋਈ ਕਰਨ ਨੂੰ ਤਿਆਰ ਹਨ। ਉਨਾਂ ਕਿਹਾ ਕਿ ਅੱਜ ਹਰ ਪੰਜਾਬੀ ਆਪਣੇ ਭਰਾਵਾਂ ਦੇ ਨਾਲ ਖੜ੍ਹਾ ਹੈ ਅਤੇ ਸਾਨੂੰ ਭਾਵੇਂ ਦੋ ਪ੍ਰਤੀਸ਼ਤ ਵਾਲੇ ਕਹਿੰਦੇ ਹਨ ਪਰ ਸਾਡੇ ਖ਼ੂਨ ਵਿਚ ਗੁਰਾਂ ਨੇ ਗੁੜ੍ਹਤੀ ਐਸੇ ਦਿੱਤੀ ਹੈ ਕਿ ਮੁਸੀਬਤਾਂ ਵੇਲੇ ਸਭ ਤੋਂ ਅੱਗੇ ਹੁੰਦੇ ਹਾਂ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਹੜ੍ਹ ਪੀੜ੍ਹਤਾਂ ਦੀ ਸੇਵਾ ਵਿਚ ਹਾਜ਼ਰ ਰਹਿਣਗੇ। ਗੱਲਬਾਤ ਕਰਦਿਆਂ ਯੁੱਧਵੀਰ ਮਾਣਕ ਨੇ ਕਿਹਾ ਕਿ ਉਹ ਵੀ ਅੱਜ ਆਪਣੇ ਲੋਕਾਂ ਲਈ ਮਦਦ ਲਈ ਪੁੱਜੇ ਹਨ ਅਤੇ ਅੱਗੇ ਮਾਣਕ ਪਰਿਵਾਰ ਸੇਵਾ ਵਿਚ ਜੁੱਟਿਆ ਰਹੇਗਾ। ਇਸ ਮੌਕੇ ਤੇ ਇੰਦਰਜੀਤ ਨਿੱਕੂ ਟੀਮ 2 ਪ੍ਰਤਿਸ਼ਤ ਵਾਲੇ, ਯੁੱਧਵੀਰ ਮਾਣਕ, ਸ਼ਕਤੀ ਮਾਣਕ, ਮਨਦੀਪ ਮਾਨ, ਗੁਰਵਿੰਦਰ ਬਿੱਗ ਡਿਜੀਟਲ, ਜਸੂਰ, ਦਿਲਸ਼ੀਨ ਕੌਰ, ਆਲਿਆ ਸ਼ਰਮਾ, ਮਹਿਕ ਸ਼ਰਮਾ, ਹਰੂ, ਵੈਭਵ ਗੁਰਨਾਮ ਸਿੱਧੂ ਗਾਮਾ, ਜੋਗਿੰਦਰ ਮਾਣਕ, ਜਤਿੰਦਰ ਡਿੰਪਾ, ਹਰਚਰਨ ਸਾਮਾ, ਸੈਂਡੀ ਸ਼ਰਮਾ ਆਦਿ ਹਾਜ਼ਰ ਸਨ।



# ਇਤਿਹਾਸਕ ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਲੰਮਾ ਜੱਟਪੁਰਾ ਵਿਖੇ ਚੱਲ ਰਹੇ ਗੁਰਮਤਿ ਸਮਾਗਮ

## ਸੰਤ ਬਾਬਾ ਅਜਾਇਬ ਸਿੰਘ ਜੀ ਦੀ 37ਵੀਂ ਸਲਾਨਾ ਬਰਸੀ 6 ਸਤੰਬਰ ਨੂੰ -ਮੁੱਖ ਸੇਵਾਦਾਰ ਬਾਬਾ ਬਲਵੀਰ ਸਿੰਘ








ਜਗਰਾਉਂ -(ਵਰਿਆਮ ਹਠੂਰ) ਸਾਹਿਬ-ਏ-ਕਮਾਲ ਸਰਬੰਸ ਦਾਨੀ ਬਾਜਾਂ ਵਾਲੇ ਸ਼ਿਹਨਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਪਿੰਡ ਲੰਮਾ-ਜੱਟਪੁਰਾ ਦੀ ਭਾਗਾਂ ਭਰੀ ਧਰਤੀ ਤੇ ਸਸ਼ੋਭਿਤ ਇਤਿਹਾਸਕ ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਵਿਖੇ ਸ਼੍ਰੀ ਮਾਨ ਸੰਤ ਬਾਬਾ ਅਜਾਇਬ ਸਿੰਘ ਜੀ ਬੋਪਾਰਾਏ ਕਲਾਂ ਵਾਲਿਆਂ ਦੀ 37ਵੀਂ ਸਲਾਨਾ ਬਰਸੀ ਸਬੰਧੀ ਸਮਾਗਮ ਚੱਲ ਰਹੇ ਹਨ। ਅੱਜ ਵੀ ਰੋਜ਼ਾਨਾ ਦੀ ਤਰ੍ਹਾਂ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਕੀਰਤਨੀ ਜੱਥੇ ਨੇ ਸ਼ਬਦ ਕੀਰਤਨ ਰਾਹੀਂ ਆਪਣੀ ਹਾਜ਼ਰੀ ਭਰੀ, ਬਹੁ ਗਿਣਤੀ ਗੁਰਸੰਗਤਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਤੇ ਖੁੱਲ੍ਹੇ ਦਰਸ਼ਨ ਦੀਦਾਰੇ ਕੀਤੇ, ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਬਲਵੀਰ ਸਿੰਘ ਜੀ ਨੇ ਇਕੱਤਰ ਗੁਰ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ ਤੇ ਸੰਗਤਾਂ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਅਪੀਲ ਕੀਤੀ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਬਲਵੀਰ ਸਿੰਘ ਜੀ ਨੇ ਕਿਹਾ ਕਿ 29 ਅਗਸਤ ਤੋਂ ਗੁਰੂ ਘਰ ਸ਼੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਹੋਏ ਹਨ। ਜਿੰਨ੍ਹਾਂ ਦੇ ਭੋਗ 6 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਰਧਾ ਅਤੇ ਸਤਿਕਾਰ ਸਹਿਤ ਪਾਏ ਜਾਣਗੇ, ਉਪਰੰਤ ਕਥਾ ਕੀਰਤਨ ਦਾ ਦਰਬਾਰ ਸਜੇਗਾ, ਤੇ ਇਸ ਤੋਂ ਇਲਾਵਾ ਰੋਜ਼ਾਨਾ ਸਾਮ ਵੇਲੇ ਤੋਂ ਰਾਤਰੀ ਕੀਰਤਨ ਅਤੇ ਦੀਵਾਨ ਵੀ ਲਗਾਤਾਰ ਸਜਦੇ ਆ ਰਹੇ ਹਨ। ਉਨ੍ਹਾਂ ਕਿਹਾ 6 ਸਤੰਬਰ ਨੂੰ ਬਰਸੀ ਸਮਾਗਮ ਤੇ ਪਹੁੰਚ ਰਹੇ ਮਹਾਂਪੁਰਸ਼ ਸੰਤ ਬਾਬਾ ਅਵਤਾਰ ਸਿੰਘ ਜੀ ਮੌਜੂਦਾ ਮੁਖੀ ਸੰਪਰਦਾਇ ਦਲ ਬਾਬਾ ਵਿਧੀ ਚੰਦ ਸੁਰਸਿੰਘ, ਸੰਤ ਬਾਬਾ ਜੋਗਾ ਸਿੰਘ ਜੀ ਮੌਜੂਦਾ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ, ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲ ਵਾਲੇ, ਗਿਆਨੀ ਗੁਰਮਿੰਦਰ ਸਿੰਘ ਜੀ ਗ੍ਰੰਥੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਗਿਆਨੀ ਸਤਨਾਮ ਸਿੰਘ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਕਥਾਵਾਚਕ ਗਿਆਨੀ ਕੁਲਵੰਤ ਸਿੰਘ ਜੀ (ਲੁਧਿਆਣੇ ਵਾਲੇ, ਗਿਆਨੀ ਭੁਪਿੰਦਰ ਸਿੰਘ ਜੀ ਬੋਪਾਰਾਏ ਕਲਾਂ, ਭਾਈ ਸਰੂਪ ਸਿੰਘ ਜੀ ਹਜ਼ੂਰੀ ਰਾਗੀ ਜੱਥਾ ਸੰਪਰਦਾਇ ਦਲ ਬਾਬਾ ਵਿਧੀ ਚੰਦ ਜੀ ਸੁਰਸਿੰਘ, ਬੀਬੀ ਹਰਮੀਤ ਕੌਰ ਬੰਸਾ (ਕਰਨਾਲ ਵਾਲੇ) ਸਮੇਤ ਹੋਰ ਵੀ ਸਤਿਕਾਰਯੋਗ ਸ਼ਖ਼ਸੀਅਤਾਂ ਹਾਜ਼ਰੀਆਂ ਭਰਨੀਆਂ, ਸੇਵਾਦਾਰਾਂ ਵੱਲੋਂ ਰੋਜ਼ਾਨਾ ਤਨ ਮਨ ਧਨ ਨਾਲ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਸਮੂਹ ਇਲਾਕੇ ਦੀਆਂ ਸੰਗਤਾਂ ਬਰਸੀ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਕਥਾ ਕੀਰਤਨ ਦਾ ਅਨੰਦ ਮਾਨਣ।

ਆਵਾਜ਼ਿ ਕੌਮ AWAZE QAUM International Newspaper & WEB TV

# ਪ੍ਰਧਾਨ ਮੰਤਰੀ ਮੋਦੀ ਜੀ ਨੂੰ ਪੰਜਾਬ ਲਈ ਰਾਹਤ ਪੈਕਜ ਦੀ ਅਪੀਲ



**ਫ਼ਿਰੋਜ਼ਪੁਰ, 3 ਸਤੰਬਰ (ਮਨੋਹਰ ਲਾਲ)** :— ਅੰਤਰਰਾਸ਼ਟਰੀ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਗਈ ਕਿ ਪੰਜਾਬ ਦੇ ਵਿੱਚ ਜੋ ਹਾੜਾਂ ਦੀ ਹਾਲਤ ਪੰਜਾਬ ਦੇ ਲੋਕਾਂ ਦੀ ਹਾਲਤ ਹੈ ਉਸ ਨੂੰ ਦੇਖਦੇ ਹੋਏ ਪੰਜਾਬ ਨੂੰ ਹੜ ਪ੍ਰਭਾਵਿਤ ਇਲਾਕਾ ਘੋਸ਼ਿਤ ਕੀਤਾ ਜਾਵੇ ਅਤੇ ਹੜ ਪ੍ਰਭਾਵਿਤ ਇਲਾਕੇ ਦਾ ਦੌਰਾ ਕੀਤਾ ਜਾਵੇ ਅਤੇ ਰਾਹਤ ਪੈਕੇਜ ਕਿਸਾਨਾਂ ਲਈ ਜਿਨਾਂ ਦੇ ਘਰ ਤਬਾਹ ਹੋ ਗਏ ਜਿਨਾਂ ਦੀਆਂ ਜਮੀਨਾਂ ਗਈਆਂ ਜਿਨਾਂ ਦੀਆਂ ਉਮੀਦਾਂ ਗਈਆਂ ਉਹਨਾਂ ਲਈ ਸੈਂਟਰ ਗੌਰਮੈਂਟ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਤੁਸੀਂ ਆਪ ਇਸ ਪੰਜਾਬ ਦਾ ਦੌਰਾ ਕਰੋ ਅਤੇ ਵੱਡਾ ਪੈਕਜ ਇਹਨਾਂ ਕਿਸਾਨਾਂ ਨੂੰ ਲੋੜਵੰਦ ਗਰੀਬ ਪਰਿਵਾਰਾਂ ਨੂੰ ਜਿਹੜੇ ਉਜੜ ਗਏ ਹਨ ਉਹਨਾਂ ਲਈ ਤੁਸੀਂ ਕੁਝ ਕਰੋ ਇਸ ਤੋਂ ਇਲਾਵਾ ਜਗਜੀਤ ਸਿੰਘ ਭੁੱਲਰ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕੀ ਬਹੁਤ ਹੀ ਨਾਜੁੱਕ ਸਥਿਤੀ ਵਿੱਚ ਇਹ ਸਮਾਂ ਚਲ ਰਿਹ ਹੈ ਹੜਾਂ ਕਰਕੇ ਪੰਜਾਬ ਦਾ ਬਹੁਤ ਨੁਕਸਾਨ ਹੋ ਗਿਆ ਅਤੇ ਅਤੇ ਹੋ ਰਿਹਾ ਹੈ। ਭਾਈ ਮਰਦਾਨਾ ਸੋਸਾਇਟੀ ਵਲੋ ਵੀ ਖਾਨਪੀਣ ਦਾ ਸੁੱਕਾ ਸਮਾਨ ਬਾਰੇ ਕੇ ਭੇਜਿਆ ਗਿਆ। ਸ਼ਹਿਰ ਦੀ ਸਥਿਤੀ ਅਤੇ ਹਾਲਾਤਾ ਨੂੰ ਵੇਖਦੇ ਹੋਏ ਸਾਡੇ ਕੋਲ ਭਾਈ ਮਰਦਾਨਾ ਜੀ ਹਾਲ ਵਿਖੇ ਸੰਗਤ ਆਉਣੀ ਸ਼ੁਰੂ ਹੋ ਗਈ ਹੈ। ਸੋਸਾਇਟੀ ਵਲੋ ਵੀ ਇੰਤਜਾਮ ਪੂਰੇ ਹਨ, ਕਬੋਜ ਨਗਰ, ਨਾਨਕਪੁਰ, ਅਲੀਕੇ ਰੋਡ, ਬਾਗਵਾਲੀ ਵਸਤੀ ਅਤੇ ਹੋਰ ਲੋਕਾ ਨੂੰ ਅਸੀ ਅਪੀਲ ਕਰਦੇ ਹਾ ਕਿ ਜਦੋ ਕਿਸੇ ਨੂੰ ਲਗੇ ਕਿ ਖਤਰਾ ਜਿਆਦਾ ਹੋ ਗਿਆ ਹੈ ਉਹ ਜਿਹੜੇ ਸਮੇ ਮਰਜੀ ਅਪਣੇ ਪਰਿਵਾਰ ਸਮੇਤ ਸਾਡੇ ਇਥੇ ਆ ਸਕਦਾ ਹੈ। ਮਸ਼ਹੂਰ ਫਿਲਮ ਸਟਾਰ ਸੋਨੂੰ ਸੂਦ ਵੀ ਬਹੁਤ ਫਿਕਰਮੰਦ ਹਨ, ਉਹਨਾ ਦੀ ਭੈਣ ਮਾਲਵਿਕਾ ਜੀ ਨੇ ਸਾਨੂੰ ਪੁਛਿਆ ਕਿ ਕਿ ਚੀਜਾਂ ਦੀ ਲੋੜ ਹੈ, ਅਸੀ ਉਹਨਾ ਨੂੰ ਜਰੂਰੀ ਚੀਜਾ ਜਿਵੇ ਲਾਇਫ ਜੈਕੇਟਸ, ਤਰਪਾਲਾਂ, ਮੈਡਿਸਨਜ, ਸੁੱਕਾ ਰਾਸ਼ਨ ਆਦਿ ਦਸਿਆ। ਉਨ੍ਹਾਂ ਕਿਹਾ ਕਿ ਅਸੀ ਸ਼ੁੱਕਰਵਾਰ ਤੱਕ ਕੋਸਿਸ਼ ਕਰਾਂਗੇ। ਜਿੰਨੀ ਮਦਤ ਹੋ ਸਕੇਗੀ ਕਰਾਂਗੇ। ਉਨ੍ਹਾਂ ਕਿਹਾ ਕਿ ਅਸੀਂ ਧੰਨਵਾਦੀ ਹਾਂ ਪ੍ਰੈਸ ਦੇ ਅਤੇ ਇਲੈਕਟ੍ਰੋਨਿਕ ਮੀਡੀਆਂ ਦੇ ਜੋ ਪਲ ਪਲ ਦੀ ਖਬਰ ਸਾਡੇ ਤੱਕ ਪਹੁੰਚਾ ਰਹੇ ਹਨ ਅਤੇ ਸਮਾਜ ਸੇਵੀ ਸੰਸਥਵਾਂ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਹਬੀਬ ਕੇ ਬੰਣ ਤੇ ਦਿਨ ਰਾਤ ਸੇਵਾ ਕਰ ਰਹੇ ਹਨ। ਅਸੀ ਪਿੰਕੀ ਐਮ ਸੀ ਵਿਜੇ ਸ਼ੈਰੀ ਅਤੇ ਹੋਰ ਸੱਜਣਾ ਦੀ ਸੇਵਾ ਨੂੰ ਸਲਾਮ ਕਰਦੇ ਹਾਂ। ਇਸ ਮੌਕੇ ਪਰਮਜੀਤ ਸਿੰਘ ਔਲਖ ਰਣਬੀਰ ਸਿੰਘ ਰਾਣਾ ਹਰਜੀਤ ਸਿੰਘ ਧਾਲੀਵਾਲ ਰਾਜੇਸ਼ ਕੁਮਾਰ ਦਰਸ਼ਨ ਲਾਲ ਹੀਰਾ ਮਨੋਹਰ ਲਾਲ ਇੰਦਰਪਾਲ ਸਿੰਘ ਪ੍ਰਿੰਸ ਨਿਰਮਲ ਸਿੰਘ ਗੁਰਮੀਤ ਸਿੰਘ ਬਲਜਿੰਦਰ ਸਿੰਘ ਬੱਬੂ ਸੈਨੀਵਾਲਾ ਅਤੇ ਖਦੀਰ ਸਿੰਘ ਰਜੀਲਾ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਇੰਟਰਨੈਸ਼ਨਲ ਪੰਥਕ ਦਲ ਵੱਲੋਂ ਫ਼ਤਹਿਗੜ੍ਹ ਚੂੜੀਆਂ ਰੋਡ ਤੇ

# ਪਿੰਡ ਸ਼ਾਹਪੁਰ ਜਾਜਨ ਵਿਖੇ ਮੈਡੀਕਲ ਸਹੂਲਤ, ਗੁਰੂ ਕਾ ਲੰਗਰ ਅਤੇ ਹੋਰ ਸੇਵਾਵਾਂ ਨਿਰੰਤਰ ਜਾਰੀ













(**ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ**)-ਪੰਜਾਬ ਵਿੱਚ ਵੱਖ ਵੱਖ ਥਾਵਾਂ ਤੇ ਹੜਾਂ ਦੀ ਆਫਤ ਆਈ ਹੋਈ ਹੈ ਜੋ ਡੇਰਾ ਬਾਬਾ ਨਾਨਕ ਵਿਖੇ ਰਾਵੀ ਨਦੀ ਦਾ ਬੰਨ ਟੁੱਟਣ ਕਰਕੇ ਬਹੁਤ ਸਾਰੀਆਂ ਫਸਲਾਂ ਘਰ ਅਤੇ ਮਾਲੀ ਨੁਕਸਾਨ ਹੋਇਆ ਹੈ। ਇੰਟਰਨੈਸ਼ਨਲ ਪੰਥਕ ਦਲ ਵੱਲੋਂ ਫਤਿਹਗੜ੍ਹ ਚੂੜੀਆਂ ਮੇਨ ਰੋਡ ਤੇ ਪਿੰਡ ਸ਼ਾਹਪੁਰ ਜਾਜਨ ਵਿਖੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਰਹਿਨੁਮਾਈ ਹੇਠ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਰੀ ਪ੍ਰਧਾਨ ਹੁਰਾਂ ਦੀ ਅਗਵਾਈ ਵਿੱਚ ਪਾਣੀ ਦੀ ਮਾਰ ਹੇਠ ਆਏ ਪਿੰਡਾਂ ਦੀ ਸੰਗਤ ਲਈ ਸਹੂਲਤ ਵਾਸਤੇ ਮੈਡੀਕਲ ਕੈਂਪ ,ਗੁਰੂ ਕਾ ਲੰਗਰ, ਪਸ਼ੂਆਂ ਵਾਸਤੇ ਚਾਰਾ ਫੀਡ ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਸੰਗਤ ਜੀ ਸਹੂਲਤ ਲਈ ਨਿਰੰਤਰ ਜਾਰੀ ਹਨ ।ਗੱਡੀਆਂ ਵਿੱਚ ਚਲਦਾ ਫਿਰਦਾ ਮੈਡੀਕਲ ਕੈਂਪ ,ਸੁੱਕਾ ਰਾਸ਼ਨ ਅਤੇ ਪਸ਼ੂਆਂ ਵਾਸਤੇ ਚਾਰਾ ਫੀਡ ਘਰ ਘਰ ਪਹੁੰਚਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਸਿੰਘਾ ਸਮੇਤ ਸੰਗਤਾਂ ਦੀ ਸੇਵਾ ਵਾਸਤੇ ਆਪਣਾ ਯੋਗਦਾਨ ਪਾਕੇ ਬਹੁਤ ਵੱਡੀਆਂ ਸੇਵਾਵਾਂ ਨਿਭਾ ਰਹੇ ਹਨ। ਇਸੇ ਤਰ੍ਹਾਂ ਨਾਲ ਹੀ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਰੀ ਪ੍ਰਧਾਨ ਅਤੇ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਸਿੰਘਾਂ ਸਮੇਤ ਭਾਈ ਤੇਜਿੰਦਰ ਸਿੰਘ ਜੀ ਮੂਲੇਵਾਲ ਜਿਲਾ ਪ੍ਰਧਾਨ ਗੁਰਦਾਸਪੁਰ ਧਾਰਮਿਕ ਵਿੰਗ ਵਾਲਿਆਂ ਦੇ ਗ੍ਰਹਿ ਵਿਖੇ ਪਹੁੰਚੇ ਅਤੇ ਹੜ ਪੀੜਤ ਪਰਿਵਾਰਾਂ ਦੀ ਮਦਦ ਲਈ ਵਿਸ਼ੇਸ਼ ਵਿਚਾਰਾਂ ਸਾਂਝੀਆਂ ਕੀਤੀਆਂ ।ਇਸ ਮੌਕੇ ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ, ਭਾਈ ਬਲਬੀਰ ਸਿੰਘ ਜੀ ਲੱਧਾ ਮੁੰਡਾ ਜਿਲ੍ਹਾ ਪ੍ਰਧਾਨ ਗੁਰਦਾਸਪੁਰ ਕਿਸਾਨ ਵਿੰਗ, ਭਾਈ ਤੇਜਿੰਦਰ ਸਿੰਘ ਜੀ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਧਾਰਮਿਕ ਵਿੰਗ, ਬਾਬਾ ਦਇਆ ਸਿੰਘ ਜੀ ਵਾੜਾ ਸ਼ੇਰ ਸਿੰਘ, ਡਾਕਟਰ ਮਨਿੰਦਰ ਸਿੰਘ, ਰਾਗੀ ਭਾਈ ਕਿਰਪਾਲ ਸਿੰਘ ਵਾੜਾ ਸ਼ੇਰ ਸਿੰਘ ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਲੋੜਵੰਦਾਂ, ਭੁਖਿਆਂ ਦਾ ਮੂੰਹ ਗੁਰੂ ਦੀ ਗੋਲਕ, ਜ਼ੋ ਜੀਵ ਜੰਤੂਆਂ, ਸ੍ਰਿਸ਼ਟੀ ਨਾਲ ਪਿਆਰ ਉੱਚਾ ਨਾਲ ਪਿਆਰ



ਫ਼ਿਰੋਜ਼ਪੁਰ, 3 ਸਤੰਬਰ (ਮਨੋਹਰ ਲਾਲ) :— ਅੱਜ ਜ਼ੋ ਇਸ ਧਰਤੀ ਤੇ ਰੱਬ ਦੀ ਕ੍ਰੋਪੀ ਕੁਦਰਤ ਵੱਲੋਂ ਆਈ ਇਕ ਪਾਨੀ ਭਾਵ ਫਲੱਡ ਬਣ ਕੇ ਆਈ ਇਸ ਨੂੰ ਕਹਿਰ ਨਹੀਂ ਬਲਕਿ ਸਾਡੇ ਬੇਮੁੱਖ ਹੋਏ ਰਾਮ ਤੋਂ ਲੱਗਣ ਜਨਮ ਵਿਯੋਗ ਭਾਵ ਸਾਡੀਆਂ ਕਹਣੀਆਂ ਕਥਣੀਆਂ ਕਰਨੀਆਂ ਅਨੁਸਾਰ ਆਉਂਦੇ ਹਨ, ਜਿਸ ਨੂੰ ਇਹ ਕਰ ਤੇਰਾ ਭਾਣਾ ਮੀਠਾ ਲਾਗੇ ਮਨ ਅੱਜ ਲੋੜ ਹੈ ਸਾਰੇ ਜਾਤੀ ਹਿੱਤਾਂ ਤੋਂ ਉਪਰ ਉਠ ਇਕੋ ਇਕ ਸੇਵਾ ਕਰਤ ਹੋ ਨਿਹਕਾਮੀ ਤਿਸ ਕੋ ਹੋਵਤ ਪ੍ਰਾਪਤ ਸੁਆਮੀ ਭਾਵ ਭਾਈ ਘਨਈਆ ਦੀ ਤਰ੍ਹਾਂ ਕਸ਼ਟ ਦੇਣ ਦਿਵਾਉਣ ਵਾਲੇ ਹੋਰ ਨਾ ਕੋਈ ਇਕ—ਇਕ ਅਕਾਲ ਪੁਰਖ ਵਾਹਿਗੁਰੂ ਜ਼ੋ ਦੁਖੀ ਤੇ ਸੁਖੀ ਸੇਵਾ ਕਰਨ ਤੇ ਕਰਾਉਣ ਵਾਲਾ ਇਕ ਮਨ ਕੇ ਗਰੀਬ ਦਾ ਮੂੰਹ ਗੁਰੂ ਦੀ ਗੋਲਖ ਜ਼ੋ ਸ੍ਰਿਸ਼ਟੀ ਜੀਵ ਜੰਤੂਆਂ ਬਨਸਪਤੀ ਨਾਲ ਪਿਆਰ ਕਰਦੇ ਹਨ, ਰੱਬ ਉਨ੍ਹਾਂ ਨੂੰ ਪਿਆਰ ਕਰਦਾ ਪ੍ਰਤੱਖ ਨੂੰ ਪ੍ਰਮਾਨ ਦੀ ਲੋੜ ਨਹੀਂ ਭਾਈ ਘਨਈਆ ਦੀ ਗੁਰਬਾਣੀ ਵਿਚ ਮਿਸਾਲ ਦੂਜੇ ਪਾਸੇ ਅਬੂਬਿਨ ਆਦਮ ਜ਼ੋ ਜੀਵ ਜੰਤੂਆਂ ਬਨਸਪਤੀ ਕੁਦਰਤ ਨਾਲ ਪਿਆਰ ਕਰਦੇ ਸਨ, ਭਗਤਾਂ ਦੀ ਸੂਚੀ ਤਿਆਰ ਕਰਦੇ ਡੇਰੇ ਵਿਚ ਆਏ ਜ਼ੋ ਰੱਬ—ਰੱਬ ਕਰਦੇ ਸਨ ਸੰਤਾਂ ਨੇ ਪੁਛਿਆ ਮੇਰਾ ਨਾਮ ਜ਼ੋ ਲਿਸਟ ਵਿਚ ਨਹੀਂ ਸੀ ਪਰ ਜਦੋਂ ਰੱਬ ਨੂੰ ਲਿਮਟ ਦਖਾਈ ਸਭ ਤੋਂ ਉਤੇ ਉਸ ਦਾ ਨਾਮ ਅੱਜ ਸਾਡੀ ਧਰਤੀ ਮੈਂ ਆਪਣੇ ਘਰ ਸ਼ਹਿਰ ਜ਼ਿਲ੍ਹੇ ਸੂਬੇ ਭਾਰਤ ਦਾ ਨਹੀਂ ਸਮੁੱਚੇ ਸ੍ਰਿਸ਼ਟੀ ਜ਼ੋ ਫਲੱਡ ਅੱਗੇ ਕੁਦਰਤ ਜਾਂ ਗੈਰ ਕੁਦਰਤ ਆਫਤਾਂ ਆਇਆ ਹਨ, ਉਨ੍ਹਾਂ ਹਰ ਮੁਸ਼ਿਕਲ ਦਾ ਹੱਲ ਸਭ ਤਰ੍ਹਾਂ ਦੇ ਜਾਤੀ ਚਾਹੇ ਉਹ ਰਾਜਨੀਤੀ, ਧਰਮ, ਜਾਤ, ਪਾਤ, ਇਲਾਕਾਈ, ਭਾਸ਼ਾਈ, ਊਚ—ਨੀਚ, ਗਰੀਬ ਅਮੀਰ ਦਾ ਸਵਾਲ ਨਹੀਂ ਇਕੋ—ਇਕ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਜੀਵ ਜੰਤੂਆਂ ਕੁਦਰਤ ਨਾਲ ਪਿਆਰ ਨਾਲ ਪਿਆਰ ਮਨਾਕੇ ਕਰੀਏ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਧਾਇਕ ਜਿੰਪਾ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਵੰਡੀ ਰਾਹਤ ਸਮੱਗਰੀ



ਹੁਸ਼ਿਆਰਪੁਰ, 3 ਸਤੰਬਰ (ਆਵਾਜ਼ਿ ਕੌਮ ਬਿਊਰੋ)- ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਆਪਣੇ ਦਫ਼ਤਰ ਵਿਚ ਇਲਾਕੇ ਦੇ ਲੋੜਵੰਦ ਅਤੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੰਡੀ। ਇਸ ਦੌਰਾਨ ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਨੂੰ ਤਰਪਾਲਾਂ ਅਤੇ ਰਾਸ਼ਨ ਦਿੱਤਾ ਅਤੇ ਭਰੋਸਾ ਦਿੱਤਾ ਕਿ ਕਿਸੇ ਵੀ ਲੋੜਵੰਦ ਨੂੰ ਇਕੱਲਾ ਨਹੀਂ ਛੱਡਿਆ ਜਾਵੇਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਹਾਲ ਹੀ ਵਿਚ ਹੋਈ ਭਾਰੀ ਬਾਰਿਸ਼ ਕਾਰਨ ਸੂਬੇ ਦੇ ਕਈ ਹਿੱਸਿਆਂ ਵਿਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਵੀ ਕਈ ਪਰਿਵਾਰਾਂ ਦੇ ਘਰਾਂ ਅਤੇ ਰੋਜ਼ਾਨਾ ਵਰਤੋਂ ਦੇ ਸਾਮਾਨ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਔਖੇ ਸਮੇਂ ਵਿਚ ਆਪਸੀ ਸਹਿਯੋਗ ਅਤੇ ਸੰਵੇਦਨਸ਼ੀਲਤਾ ਹੀ ਅਸਲ ਤਾਕਤ ਹੈ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਮਾਜ ਦੇ ਸਮਰੱਥ ਲੋਕਾਂ ਨੂੰ ਅੱਗੇ ਆ ਕੇ ਹਰ ਸੰਭਵ ਤਰੀਕੇ ਨਾਲ ਅਤਿ ਲੋੜਵੰਦ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਇਕ-ਦੂਜੇ ਦਾ ਸਹਿਯੋਗ ਕਰਨ ਦਾ ਸਮਾਂ ਹੈ। ਅਸੀਂ ਸਾਰੇ ਮਿਲ ਕੇ ਇਸ ਸੰਕਟ ਨੂੰ ਦੂਰ ਕਰਾਂਗੇ। ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਲਗਾਤਾਰ ਦੌਰਾ ਕਰ ਰਹੀ ਹੈ ਅਤੇ ਰਾਹਤ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਹਰ ਪ੍ਰਭਾਵਿਤ ਵਿਅਕਤੀ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨਾਂ ਦੀ ਸਰਗਰਮ ਭੂਮਿਕਾ ਦੀ ਵੀ ਸ਼ਲਾਘਾ ਕੀਤੀ, ਜੋ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ, ਸਿਹਤ ਸੇਵਾਵਾਂ ਅਤੇ ਹੋਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਵਿਚ ਦਿਨ-ਰਾਤ ਲੱਗੇ ਹੋਏ ਹਨ। ਵਿਧਾਇਕ ਜਿੰਪਾ ਨੇ ਭਰੋਸਾ ਦਿੱਤਾ ਕਿ ਹਰੇਕ ਹੜ੍ਹ ਪ੍ਰਭਾਵਿਤ ਪਰਿਵਾਰ ਦੀ ਲੋੜੀਂਦੀ ਮਦਦ ਯਕੀਨੀ ਬਣਾਈ ਜਾਵੇਗੀ ਅਤੇ ਵਿਧਾਨ ਸਭਾ ਹਲਕੇ ਵਿਚ ਪੁਨਰ ਨਿਰਮਾਣ ਅਤੇ ਆਮ ਸਥਿਤੀ ਬਹਾਲ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਅਮਰਜੀਤ ਬਾਜਵਾ ਸਰਪੰਚ, ਰਾਜਨ ਸੈਣੀ, ਮਦਨ ਲਾਲ, ਪ੍ਰਿਤਪਾਲ ਪ੍ਰਧਾਨ ਯੂਥ ਕਲੱਬ, ਪਵਨ ਸ਼ਰਮਾ, ਰਾਜਿੰਦਰ ਪੰਚ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV